# ਅਧਿਆਇ 12

# ਮਿਰਯਮ ਅਤੇ ਹਾਰੂਨ ਦਾ ਬੁੜਬੁੜਾਉਣਾ

ਇਹ ਅਧਿਆਇ ਬੁੜ ਬੁੜਾਉਣ ਅਤੇ ਵਿਦਰੋਹ ਨਾਲ ਭਰਿਆ ਹੋਇਆ ਹੈ, ਜਦੋਂ ਇਸਰਾਏਲ ਦੇ ਨਿਹਚਾ ਤੋਂ ਮੂੰਹ ਮੋੜਨ ਦੀ ਕਹਾਣੀ ਅੱਗੇ ਜਾਰੀ ਰਹਿੰਦੀ ਹੈ। ਅਧਿਆਇ 11 ਵਿਚ ਲੋਕ ਪਰਮੇਸ਼ੁਰ ਦੇ ਵਿਰੁੱਧ ਬੁੜ ਬੁੜਾਏ; ਅਧਿਆਇ 12 ਵਿਚ ਇਸਰਾਏਲ ਦੇ ਦੋ ਆਗੂਆਂ - ਮਿਰਯਮ ਅਤੇ ਹਾਰੂਨ - ਨੇ ਪਰਮੇਸ਼ੁਰ ਦੇ ਮਸਹ ਕੀਤੇ ਹੋਏ ਆਗੂ, ਮੂਸਾ ਦੇ ਵਿਰੁੱਧ ਵਿਦਰੋਹ ਕੀਤਾ। ਪਰਮੇਸ਼ੁਰ ਨੇ ਉਨ੍ਹਾਂ ਦੇ ਵਿਦਰੋਹ ਦਾ ਜਵਾਬ ਦਿੱਤਾ, ਸਭ ਤੋਂ ਪਹਿਲਾਂ ਇਹ ਸਪੱਸ਼ਟ ਕਰਦਿਆਂ ਕਿ ਮੂਸਾ ਉਸ ਦਾ ਬੁਲਾਰਾ ਸੀ ਅਤੇ ਦੂਜਾ, ਮਿਰਯਮ ਨੂੰ ਸਜ਼ਾ ਦੇਣ ਦੁਆਰਾ।

## ਵਿਦਰੋਹ (12:1-3)

**[1]ਮਿਰਯਮ ਅਤੇ ਹਾਰੂਨ ਨੇ ਮੂਸਾ ਦੇ ਵਿਰੁੱਧ ਉਸ ਕੂਸ਼ੀ ਤੀਵੀਂ ਦੇ ਕਾਰਨ ਜਿਹ ਨੂੰ ਉਸ ਨੇ ਵਿਆਹ ਲਿਆ ਸੀ ਗੱਲਾਂ ਕੀਤੀਆਂ ਕਿਉਂ ਜੋ ਉਸ ਨੇ ਕੂਸ਼ੀ ਤੀਵੀਂ ਨਾਲ ਵਿਆਹ ਕਰ ਲਿਆ ਸੀ।**
**[2]ਉਨ੍ਹਾਂ ਨੇ ਆਖਿਆ ਕਿ ਭਲਾ, ਯਹੋਵਾਹ ਨੇ ਮੂਸਾ ਨਾਲ ਹੀ ਗੱਲਾਂ ਕੀਤੀਆਂ ਹਨ ਅਤੇ ਸਾਡੇ ਨਾਲ ਗੱਲਾਂ ਨਹੀਂ ਕੀਤੀਆਂ? ਤਾਂ ਯਹੋਵਾਹ ਨੇ ਸੁਣਿਆ। [3]ਅਤੇ ਉਹ ਮਰਦ ਮੂਸਾ ਸਾਰਿਆਂ ਆਦਮੀਆਂ ਨਾਲੋਂ ਜਿਹੜੇ ਪ੍ਰਿਥਵੀ ਉੱਤੇ ਸਨ ਬਹੁਤ ਅਧੀਨ ਸੀ।**

**ਆਇਤ 1.** ਇਹ ਸ਼ੁਰੂਆਤੀ ਸ਼ਬਦ ਦੱਸਦੇ ਹਨ ਕਿ **ਮਿਰਯਮ ਅਤੇ ਹਾਰੂਨ ਨੇ ਮੂਸਾ ਦੇ ਵਿਰੁੱਧ ਉਸ ਕੂਸ਼ੀ ਤੀਵੀਂ ਦੇ ਕਾਰਨ ਜਿਹ ਨੂੰ ਉਸ ਨੇ ਵਿਆਹ ਲਿਆ ਸੀ ਗੱਲਾਂ ਕੀਤੀਆਂ।** ਇਹ "ਕੂਸ਼ੀ ਤੀਵੀਂ" ਕੌਣ ਸੀ ਇਕ ਖੁੱਲ੍ਹਾ ਸਵਾਲ ਸੀ। ਸਿੱਪੋਰਾਹ ਮੂਸਾ ਦੀ ਇਕਲੌਤੀ ਪਤਨੀ ਹੈ ਜਿਸ ਦਾ ਨਾਮ ਪੰਚਗ੍ਰੰਥ ਵਿਚ ਦਿੱਤਾ ਗਿਆ ਹੈ। ਕੂਚ ਦੀ ਪੁਸਤਕ ਅਨੁਸਾਰ, ਮੂਸਾ ਨੇ ਮਿਦਯਾਨ ਦੇਸ ਵਿਚ ਸਿੱਪੋਰਾਹ ਨਾਲ ਵਿਆਹ ਕੀਤਾ ਸੀ (ਕੂਚ 2:21; 4:25; 18:2)।

ਪੁਰਾਣੇ ਨੇਮ ਵਿਚ, "ਕੂਸ਼" ਸ਼ਬਦ ਆਮ ਤੌਰ ਤੇ ਹਬਸ਼ ਦੇਸ ਦਾ ਹਵਾਲਾ ਦਿੰਦਾ ਹੈ। "ਕੂਸ਼ੀ ਤੀਵੀਂ" ਦੀ ਥਾਂ KJV ਬਾਈਬਲ כֻּשִׁית *(ਕੁਸ਼ਿਥ)* ਦਾ ਅਨੁਵਾਦ "ਹਬਸ਼ੀ ਤੀਵੀਂ" ਵਜੋਂ ਕਰਦੀ ਹੈ। ਸਿੱਟੇ ਵਜੋਂ, ਇਹ ਸੰਭਵ ਹੈ ਕਿ ਮੂਸਾ ਨੇ, ਪਹਿਲਾਂ ਸਿੱਪੋਰਾਹ ਨਾਲ ਵਿਆਹ ਕਰਨ ਤੋਂ ਬਾਅਦ, ਬਾਅਦ ਵਿਚ ਕੂਸ਼ ਦੇਸ ਜਾਂ ਹਬਸ਼ ਦੇਸ ਦੀ ਤੀਵੀਂ ਨਾਲ ਵਿਆਹ ਕਰ ਲਿਆ ਸੀ।[1] ਇਹ ਹੋਰ ਸੰਭਾਵਨਾ ਇਹ ਹੈ ਕਿ ਇੱਥੇ "ਕੂਸ਼" ਸ਼ਬਦ "ਮਿਦਯਾਨ" ਦੇ ਬਰਾਬਰ ਹੈ ਅਤੇ ਮਿਰਯਮ ਅਤੇ ਹਾਰੂਨ ਮੂਸਾ ਦੇ ਸਿੱਪੋਰਾਹ ਨਾਲ ਵਿਆਹ ਕਰਵਾਉਣ ਕਰਕੇ ਇਤਰਾਜ਼ ਕਰ ਰਹੇ ਸਨ। ਹਬੱਕੂਕ 3:7 ਵਿਚ, "ਕੂਸ਼" ਅਤੇ "ਮਿਦਯਾਨ" ਪਰਤੱਖ ਰੂਪ ਵਿਚ ਸਮਾਨਾਰਥਕ ਹਨ। ਜੇਕਰ "ਕੂਸ਼ੀ" ਕਿਸੇ ਸਿੱਪੋਰਾਹ ਨਾਲੋਂ ਵੱਖਰੀ ਸੀ, ਮਿਰਯਮ ਅਤੇ ਹਾਰੂਨ ਕੋਲ ਇਨ੍ਹਾਂ ਆਧਾਰਾਂ ਤੇ ਇਤਰਾਜ਼

ਕਰਨ ਦਾ ਕੋਈ ਕਾਰਣ ਨਹੀਂ ਸੀ, ਕਿਉਂਕਿ ਸਿੱਪੋਰਾਹ ਇਕ ਗੈਰ-ਇਸਰਾਏਲੀ ਵੀ ਸੀ। ਮਿਰਯਮ ਅਤੇ ਹਾਰੂਨ ਨੇ ਮੂਸਾ ਦੀ ਕੂਸ਼ੀ ਤੀਵੀਂ ਤੇ ਇਤਰਾਜ਼ ਜਤਾਉਣ ਦਾ ਜੋ ਕਾਰਣ ਦਿੱਤਾ ਸੀ ਉਸ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਕੀ ਉਨ੍ਹਾਂ ਨੂੰ ਇਹ ਸੱਚ ਪਸੰਦ ਨਹੀਂ ਸੀ ਕਿ ਮੂਸਾ ਨੇ "ਬਾਹਰਲੀ," ਓਪਰੀ ਤੀਵੀਂ, ਇਕ ਗੈਰ-ਇਸਰਾਏਲੀ ਨਾਲ ਵਿਆਹ ਕਰਵਾਇਆ ਸੀ? ਕੀ ਉਨ੍ਹਾਂ ਨੇ ਮੂਸਾ ਤੇ ਉਸ ਦੀ ਪਤਨੀ ਦੇ ਅਹੁਦੇ ਦੀ ਪ੍ਰਮੁੱਖਤਾ ਜਾਂ ਉਸ ਦੀ ਯੋਗਤਾ ਦੇ ਪ੍ਰਭਾਵ ਦਾ ਬੁਰਾ ਮਨਾਇਆ ਸੀ?[2] ਜੋ ਵੀ ਸੀ, ਮੂਸਾ ਦੀ ਪਤਨੀ ਸੰਬੰਧੀ ਮਿਰਯਮ ਅਤੇ ਹਾਰੂਨ ਨੇ ਜੋ ਇਤਰਾਜ਼ ਪਰਗਟ ਕੀਤਾ ਸੀ ਮੂਸਾ ਦੀ ਅਗਵਾਈ ਨੂੰ ਚੁਣੌਤੀ ਦੇਣ ਦੇ ਲਈ ਉਨ੍ਹਾਂ ਵਾਸਤੇ ਸਿਰਫ ਇਕ ਬਹਾਨਾ ਸੀ।

**ਆਇਤ 2. ਉਨ੍ਹਾਂ ਨੇ ਆਖਿਆ ਕਿ ਭਲਾ, ਯਹੋਵਾਹ ਨੇ ਮੂਸਾ ਨਾਲ ਹੀ ਗੱਲਾਂ ਕੀਤੀਆਂ ਹਨ ਅਤੇ ਸਾਡੇ ਨਾਲ ਗੱਲਾਂ ਨਹੀਂ ਕੀਤੀਆਂ?** ਕਿਉਂਕਿ ਇਹ ਆਇਤ ਦੱਸਦੀ ਹੈ ਕਿ ਮਿਰਯਮ ਅਤੇ ਹਾਰੂਨ ਬੁੜ ਬੁੜਾਏ, ਅਸਲ ਵਿਚ, ਇਹ ਕਿ ਉਨ੍ਹਾਂ ਨੂੰ ਕੋਈ ਇੰਨੀ ਤਵੱਜੋ ਨਹੀਂ ਸੀ ਦੇ ਰਿਹਾ ਜਿੰਨੀ ਕਿ ਮੂਸਾ ਨੂੰ, ਇਹ ਸਪੱਸ਼ਟ ਹੈ ਕਿ ਮੂਸਾ ਦੀ ਤੀਵੀਂ ਦੇ ਵਿਰੁੱਧ ਵਿਦਰੋਹ ਉਨ੍ਹਾਂ ਦੀ ਅਸਲ ਸ਼ਿਕਾਇਤ ਦੇ ਵਾਸਤੇ ਸਿਰਫ ਇਕ ਬਹਾਨਾ ਸੀ।[3] ਉਨ੍ਹਾਂ ਦੀ ਅਸਲੀ ਸਮੱਸਿਆ ਈਰਖਾ ਸੀ। ਜਿੱਥੋਂ ਤੱਕ ਉਨ੍ਹਾਂ ਦੀ ਗੱਲ ਸੀ, ਉਹ ਸਮਝਦੇ ਸਨ ਕਿ ਉਨ੍ਹਾਂ ਨੂੰ ਮੂਸਾ ਦੇ ਬਰਾਬਰ ਸਮਝਿਆ ਜਾਣਾ ਚਾਹੀਦਾ ਹੈ।

ਸ਼ਾਇਦ ਉਨ੍ਹਾਂ ਦੀਆਂ ਭਾਵਨਾਵਾਂ ਸਮਝਣਯੋਗ ਹਨ। ਹਾਰੂਨ ਮੂਸਾ ਦਾ ਵੱਡਾ ਭਰਾ ਸੀ (ਕੂਚ 7:7) ਅਤੇ ਉਸ ਨੇ ਮੂਸਾ ਦੇ ਬੁਲਾਰੇ ਦੇ ਤੌਰ ਤੇ ਕੰਮ ਕੀਤਾ ਸੀ (ਕੂਚ 4:16)। ਉਹ ਪਰਧਾਨ ਜਾਜਕ ਦੇ ਤੌਰ ਤੇ ਮਸਹ ਕੀਤਾ ਗਿਆ ਸੀ ਅਤੇ ਉਸ ਹੈਸੀਅਤ ਨਾਲ ਇਹ ਉਹ ਵਿਅਕਤੀ ਸੀ ਜਿਸ ਨੂੰ ਪਰਮੇਸ਼ੁਰ ਨੇ ਉੱਤਰ ਦਿੱਤੇ ਸਨ ਜਦੋਂ ਊਰੀਮ ਅਤੇ ਤੁੰਮੀਮ ਨੂੰ ਇਸਤੇਮਾਲ ਕੀਤਾ ਗਿਆ ਸੀ (ਕੂਚ 28:30)। ਮਿਰਯਮ ਮੂਸਾ ਦੀ ਵੱਡੀ ਭੈਣ ਸੀ ਜਿਸ ਨੇ ਉਸ ਨੂੰ ਫ਼ਿਰਊਨ ਦੀ ਸਾਜਸ਼ ਤੋਂ ਬਚਾਉਣ ਵਿਚ ਮਦਦ ਕੀਤੀ ਸੀ ਜਦੋਂ ਉਹ ਹਾਲੇ ਬਾਲਕ ਸੀ। ਕੂਚ ਦੀ ਪੁਸਤਕ ਆਖਦੀ ਹੈ ਕਿ ਮੂਸਾ ਦੀ ਭੈੜ ਦੂਰ ਖੜੀ ਵੇਖ ਰਹੀ ਸੀ ਜਦੋਂ ਬਾਲ ਨੂੰ ਦਰਿਆ ਵਿਚ ਰੱਖਿਆ ਗਿਆ ਸੀ (ਕੂਚ 2:4-10); ਪਰ ਕਿਉਂਕਿ ਮੂਸਾ ਦੀ ਹੋਰ ਕਿਸੇ ਭੈਣ ਦਾ ਨਾਮ ਨਹੀਂ ਦੱਸਿਆ ਗਿਆ, ਇਹ ਕਲਪਨਾ ਕੀਤੀ ਜਾਂਦੀ ਹੈ ਕਿ ਇਹ ਬੰਦ ਮਿਰਯਮ ਦਾ ਹਵਾਲਾ ਦਿੰਦਾ ਹੈ। ਇਸ ਤੋਂ ਇਲਾਵਾ, ਉਹ ਇਕ ਨਬੀਆ ਦੇ ਤੌਰ ਤੇ ਜਾਣੀ ਗਈ ਸੀ। ਉਸ ਨੇ ਇਸਰਾਏਲੀ ਤੀਵੀਆਂ ਦੀ ਜਿੱਤ ਦਾ ਗੀਤ ਗਾਉਣ ਵਿਚ ਅਗਵਾਈ ਕੀਤੀ ਸੀ ਜਦੋਂ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਲਾਲ ਸਮੁੰਦਰ ਵਿੱਚੋਂ ਬਚਾਇਆ ਸੀ (ਕੂਚ 15:20, 21)। ਬਾਅਦ ਵਿਚ ਜਿੰਨੀਆਂ ਵੀ ਪੀੜ੍ਹੀਆਂ ਆਈਆਂ ਉਨ੍ਹਾਂ ਨੇ ਹਾਰੂਨ ਅਤੇ ਮਿਰਯਮ ਨੂੰ ਉਨ੍ਹਾਂ ਆਗੂਆਂ ਦੇ ਰੂਪ ਵਿਚ ਚੇਤੇ ਕੀਤਾ ਜਿਹੜੇ ਮੂਸਾ ਨਾਲ ਮਿਲ ਕੇ, ਇਸਰਾਏਲੀਆਂ ਨੂੰ ਮਿਸਰ ਵਿੱਚੋਂ ਬਾਹਰ ਕੱਢ ਕੇ ਲਿਆਏ ਸਨ (ਮੀਕਾਹ 6:4)।

ਉਨ੍ਹਾਂ ਦੀਆਂ ਯੋਗਤਾਵਾਂ ਦੇ ਬਾਵਜੂਦ, **ਯਹੋਵਾਹ ਨੇ** ਉਨ੍ਹਾਂ ਦੇ ਬੁੜ ਬੁੜਾਉਣ ਨੂੰ **ਸੁਣਿਆ** ਅਤੇ ਉਨ੍ਹਾਂ ਤੋਂ ਪ੍ਰਸੰਨ ਨਹੀਂ ਸੀ। ਦਰਅਸਲ, ਉਨ੍ਹਾਂ ਦੀਆਂ ਗੱਲਾਂ ਨੇ ਉਸ ਨੂੰ ਗੁੱਸਾ ਦਿਵਾਇਆ (12:9)।

**ਆਇਤ 3.** ਇਸ ਤੋਂ ਪਹਿਲਾਂ ਕਿ ਮੂਲ ਲਿਖਤ ਇਹ ਦੱਸਦੀ ਹੈ ਕਿ ਪਰਮੇਸ਼ੁਰ ਨੇ ਮਿਰਯਮ ਅਤੇ ਹਾਰੂਨ ਦੀਆਂ ਗੱਲਾਂ ਦੇ ਪ੍ਰਤੀ ਕਿਵੇਂ ਦੀ ਪ੍ਰਤੀਕਿਰਿਆ ਦਿੱਤੀ, ਇਕ ਪ੍ਰਾਸੰਗਿਕ ਕਥਨ ਆਉਂਦਾ ਹੈ: **ਅਤੇ ਉਹ ਮਰਦ ਮੂਸਾ ਸਾਰਿਆਂ ਆਦਮੀਆਂ ਨਾਲੋਂ ਜਿਹੜੇ ਪ੍ਰਿਥਵੀ ਉੱਤੇ ਸਨ ਬਹੁਤ ਅਧੀਨ ਸੀ।**

ਇਸ ਆਇਤ ਨੂੰ ਮੂਸਾ ਦੇ ਗਿਣਤੀ ਦੀ ਪੁਸਤਕ ਦੇ ਨਾਲ-ਨਾਲ ਪੰਚਗ੍ਰੰਥ ਦਾ ਲੇਖਕ ਹੋਣ

ਵਿਰੁੱਧ ਇਕ ਦਲੀਲ ਦੇ ਰੂਪ ਵਿਚ ਵਰਤਿਆ ਗਿਆ ਹੈ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਮੂਸਾ ਨੇ, ਜੇਕਰ ਉਹ ਸੱਚਮੁੱਚ "ਅਧੀਨ" ਮਨੁੱਖ ਸੀ, ਇਹ ਆਪਣੇ ਬਾਰੇ ਕਦੇ ਨਹੀਂ ਕਿਹਾ ਹੋਵੇਗਾ। ਪਰ, ਇਹ ਸੰਭਵ ਹੈ ਕਿ ਮੂਸਾ ਨੇ ਪਵਿੱਤਰ ਆਤਮਾ ਦੀ ਅਗਵਾਈ ਨਾਲ ਸੱਚਾਈ ਦੇ ਇਨ੍ਹਾਂ ਸ਼ਬਦਾਂ ਨੂੰ ਲਿਖਿਆ ਸੀ (ਤੁਲਨਾ ਕਰੋ 2 ਕੁਰਿੰਥੀਆਂ 11:5; 12:11, 12)। ਇਕ ਹੋਰ ਵਿਕਲਪ ਇਹ ਹੈ ਕਿ ਉਨ੍ਹਾਂ ਨੂੰ ਬਾਅਦ ਵਿਚ ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਲੇਖਕਾਂ ਨੇ ਜੋੜਿਆ ਸੀ - ਜਿਵੇਂ ਕਿ ਬਿਵਸਥਾ ਸਾਰ 34 ਵਿਚ ਮੂਸਾ ਦੀ ਮੌਤ ਦੀ ਖ਼ਬਰ ਦਾ ਮਾਮਲਾ ਹੈ।

ਇੱਥੇ ਪ੍ਰਾਸੰਗਿਕ ਕਥਨ ਨੂੰ ਸ਼ਾਇਦ ਇਹ ਸਮਝਾਉਣ ਦੇ ਲਈ ਸ਼ਾਮਲ ਕੀਤਾ ਗਿਆ ਹੈ ਕਿ ਮੂਸਾ ਨੇ ਖੁਦ ਆਪਣੇ ਭੈਣ ਭਰਾ ਦੇ ਪ੍ਰਤੀ ਕਿਉਂ ਕੋਈ ਪ੍ਰਤੀਕਿਰਿਆ ਨਹੀਂ ਕੀਤੀ। ਉਸ ਦੀ ਅਧੀਨਤਾ ਪਿਛਲੇ ਅਧਿਆਇ ਵਿਚ ਵੀ ਸਪੱਸ਼ਟ ਹੈ, ਅਲਦਾਦ ਅਤੇ ਮੇਦਾਦ ਦੇ ਪ੍ਰਤੀ ਉਸ ਦੇ ਰਵੱਈਏ ਵਿਚ। ਇਨ੍ਹਾਂ ਮਨੁੱਖਾਂ ਨੇ ਮੂਸਾ ਦੇ ਆਗੂ ਹੋਣ ਦੇ ਪ੍ਰਤੀ ਘਿਰਣਾ ਕੀਤੀ ਪਰ ਫਿਰ ਵੀ ਉਨ੍ਹਾਂ ਨੂੰ ਅਗੰਮ ਵਾਕ ਕਰਨ ਦੀ ਦਾਤ ਮਿਲੀ (11:26-28)। ਮੂਸਾ ਨੂੰ ਜਦੋਂ ਉਨ੍ਹਾਂ ਦੇ ਬਾਰੇ ਕੁਝ ਕਰਨ ਦੀ ਬੇਨਤੀ ਕੀਤੀ ਗਈ ਤਾਂ ਉਸ ਨੇ ਸਿਰਫ ਇਹ ਉੱਤਰ ਦਿੱਤਾ, "ਕਾਸ਼ ਕਿ ਯਹੋਵਾਹ ਦੇ ਸਾਰੇ ਲੋਕ ਨਬੀ ਹੁੰਦੇ ... !" (11:29)।

"ਅਧੀਨ" (עָנָו, *ਅਨਾਅ)* ਲਈ ਜਿਹੜਾ ਸ਼ਬਦ ਵਰਤਿਆ ਗਿਆ ਹੈ ਓਨਾ ਸ਼ਖਸੀਅਤ ਦੇ ਗੁਣ ਦਾ ਸੁਝਾਅ ਨਹੀਂ ਦਿੰਦਾ ਜਿੰਨਾ ਕਿ ਅਧੀਨਗੀ ਦੇ ਰਵੱਈਏ ਦਾ ਜਿਸ ਨੇ ਮੂਸਾ ਨੂੰ ਉਸ ਦੀ ਭੈਣ ਅਤੇ ਭਰਾ ਦੇ ਵਿਦਰੋਹ ਦੇ ਪ੍ਰਤੀ ਕੋਈ ਪ੍ਰਤੀਕਿਰਿਆ ਕਰਨ ਤੋਂ ਰੋਕਿਆ ਸੀ।[4] ਇਹ ਸ਼ਬਦ ਦਾ ਸਭ ਤੋਂ ਉੱਤਮ ਵਿਚਾਰ ਜਾਪਦਾ ਹੈ। ਪਰ, ਇਕ ਹੋਰ ਸੰਭਾਵਨਾ ਜਿਸ ਦਾ ਸੁਝਾਅ ਦਿੱਤਾ ਗਿਆ ਹੈ ਉਹ ਇਹ ਹੈ ਕਿ "ਅਧੀਨ" ਸ਼ਬਦ ਦਾ ਅਨੁਵਾਦ "ਦੁਖੀ" ਕੀਤਾ ਜਾ ਸਕਦਾ ਸੀ: "ਅਤੇ ਉਹ ਮਰਦ ਮੂਸਾ ਸਾਰਿਆਂ ਆਦਮੀਆਂ ਨਾਲੋਂ ਜਿਹੜੇ ਪ੍ਰਿਥਵੀ ਉੱਤੇ ਸਨ ਬਹੁਤ ਦੁਖੀ ਸੀ।" ਕਲੀਓਨ ਰੋਜਰਸ ਨੇ ਇਸ ਅਨੁਵਾਦ ਦੇ ਲਈ ਇਹ ਕਾਰਣ ਦਿੱਤੇ ਹਨ: (1) ਕਿਰਿਆ *ਅਨਾਅ* ਦਾ ਆਮ ਤੌਰ ਤੇ ਅਰਥ ਹੁੰਦਾ ਹੈ "ਝੁਕਣਾ।" ਕਿਸੇ ਨੂੰ ਅਧੀਨਗੀ ("ਅਧੀਨ") ਨਾਲ ਜ਼ਬਰਦਸਤੀ ਜਾਂ ਦੁੱਖਾਂ ਅਤੇ ਚਿੰਤਾਵਾਂ ("ਦੁਖੀ") ਨਾਲ ਝੁਕਾਇਆ ("ਅਧੀਨ ਹੋਇਆ") ਜਾ ਸਕਦਾ ਸੀ। (2) ਇਹ ਸ਼ਬਦ ਨਬੀਆਂ ਦੀਆਂ ਪੁਸਤਕਾਂ ਅਤੇ ਗਿਆਨ ਦੀਆਂ ਗੱਲਾਂ ਵਾਲੀਆਂ ਪੁਸਤਕਾਂ ਵਿਚ ਨਾ ਸਿਰਫ ਉਨ੍ਹਾਂ ਦਾ ਵਰਣਨ ਕਰਨ ਦੇ ਲਈ ਵਰਤਿਆ ਗਿਆ ਹੈ ਜਿਹੜੇ ਪਰਮੇਸ਼ੁਰ ਸਾਹਮਣੇ ਅਧੀਨ ਹਨ ਪਰ ਉਨ੍ਹਾਂ ਲਈ ਵੀ ਜਿਹੜੇ ਸਮਾਜਕ ਤੌਰ ਤੇ ਸਤਾਏ ਹੋਏ ਅਤੇ ਦੁਖੀ ਹਨ। (3) ਆਲੇ-ਦੁਆਲੇ ਦੇ ਸੰਦਰਭ ਵਿਚ, ਗਿਣਤੀ 11:14 ਮੂਸਾ ਨੂੰ ਉਸ ਵਿਅਕਤੀ ਦੇ ਰੂਪ ਵਿਚ ਵਿਖਾਉਂਦੀ ਹੈ ਜਿਸ ਨੇ ਲੋਕਾਂ ਦਾ ਵਧੀਕ ਭਾਰ ਚੁੱਕਿਆ ਹੋਇਆ ਹੈ, ਉਹ ਇੰਨਾ ਜ਼ਿਆਦਾ ਦੁਖੀ ਸੀ ਕਿ ਉਹ ਮਰਨਾ ਚਾਹੁੰਦਾ ਸੀ। (4) ਅੱਜ-ਕੱਲ੍ਹ ਦੇ ਸੰਦਰਭ ਵਿਚ, ਮਿਰਯਮ ਅਤੇ ਹਾਰੂਨ ਦੀ ਵਿਰੋਧਤਾ ਦਿਲ ਤੋੜ ਦੇਣ ਵਾਲੀ ਹੈ। ਉਸ ਦੀ ਆਪਣੀ ਭੈਣ ਅਤੇ ਭਰਾ ਉਸ ਦੇ ਵਿਰੁੱਧ ਹੋ ਗਏ ਅਤੇ ਉਸ ਨੂੰ ਪ੍ਰਿਥਵੀ ਉੱਤੇ ਸਭ ਤੋਂ ਦੁਖੀ ਮਨੁੱਖ ਬਣਾ ਦਿੱਤਾ।[5] ਜਾਂ ਤਾਂ "ਅਧੀਨ" ਜਾਂ "ਦੁਖੀ" ਹੁੰਦੇ ਹੋਏ, ਉਸ ਨੇ ਉਨ੍ਹਾਂ ਤੇ ਜਵਾਬੀ ਹਮਲਾ ਕਰਨ ਦੀ ਬਜਾਇ ਉਨ੍ਹਾਂ ਦੀਆਂ ਬੇਇੱਜ਼ਤੀਆਂ ਨੂੰ ਸਹਿਣ ਕਰ ਲਿਆ।

## ਜਵਾਬ (12:4-15)

### ਪਰਮੇਸ਼ੁਰ ਦਾ ਮੂਸਾ ਨਾਲ ਨੇੜੇ ਦਾ ਰਿਸ਼ਤਾ (12:4-8)

**4ਫੇਰ ਯਹੋਵਾਹ ਨੇ ਅਚਣਚੇਤ ਮੂਸਾ, ਹਾਰੂਨ ਅਰ ਮਿਰਯਮ ਨੂੰ ਆਖਿਆ, ਤੁਸੀਂ ਤਿੰਨੋਂ**

**ਮੰਡਲੀ ਦੇ ਤੰਬੂ ਕੋਲ ਆ ਜਾਓ। ਸੋ ਓਹ ਤਿੰਨੇਂ ਬਾਹਰ ਗਏ। [5]ਤਾਂ ਯਹੋਵਾਹ ਬੱਦਲ ਦੇ ਥੰਮ੍ਹ ਵਿੱਚ ਉਤਰਿਆ ਅਤੇ ਤੰਬੂ ਦੇ ਦਰਵੱਜੇ ਉੱਤੇ ਖਲੋ ਗਿਆ। ਜਾਂ ਹਾਰੂਨ ਅਤੇ ਮਿਰਯਮ ਨੂੰ ਸੱਦਿਆ ਤਾਂ ਓਹ ਦੋਵੇਂ ਬਾਹਰ ਆਏ। [6]ਉਸ ਆਖਿਆ, ਮੇਰੀਆਂ ਗੱਲਾਂ ਸੁਣੋ। ਜੇ ਤੁਹਾਡੇ ਵਿੱਚ ਕੋਈ ਨਬੀ ਹੋਵੇ, ਤਾਂ ਮੈਂ ਯਹੋਵਾਹ ਆਪਣੇ ਆਪ ਨੂੰ ਦਰਸ਼ਣ ਵਿੱਚ ਉਸ ਉੱਤੇ ਪਰਗਟ ਕਰਾਂਗਾ ਅਤੇ ਸੁਫ਼ਨੇ ਵਿੱਚ ਮੈਂ ਉਹ ਦੇ ਨਾਲ ਬੋਲਾਂਗਾ। [7]ਮੇਰਾ ਦਾਸ ਮੂਸਾ ਇਹੋ ਜਿਹਾ ਨਹੀਂ। ਉਹ ਮੇਰੇ ਸਾਰੇ ਘਰ ਵਿੱਚ ਅਤਬਾਰ ਵਾਲਾ ਹੈ। [8]ਮੈਂ ਉਹ ਦੇ ਨਾਲ ਆਹਮੋ ਸਾਹਮਣੇ ਖੁੱਲ੍ਹ ਕੇ ਗੱਲਾਂ ਕਰਾਂਗਾ, ਬੁਝਾਰਤਾਂ ਵਿੱਚ ਨਹੀਂ, ਅਤੇ ਉਹ ਯਹੋਵਾਹ ਦਾ ਸਰੂਪ ਵੇਖੇਗਾ। ਫੇਰ ਤੁਸੀਂ ਮੇਰੇ ਦਾਸ ਮੂਸਾ ਦੇ ਵਿਰੁੱਧ ਬੋਲਣ ਤੋਂ ਕਿਉਂ ਨਾ ਡਰੇ?**

**ਆਇਤਾਂ 4, 5.** ਇਹ ਆਇਤਾਂ **ਮਿਰਯਮ** ਅਤੇ **ਹਾਰੂਨ** ਦੇ ਪ੍ਰਤੀ ਪਰਮੇਸ਼ੁਰ ਦੇ ਸ਼ੁਰੂਆਤੀ ਜਵਾਬ ਦਾ ਵਰਣਨ ਕਰਦੀਆਂ ਹਨ। ਪਰਮੇਸ਼ੁਰ ਨੇ ਇਹ ਸਪੱਸ਼ਟ ਕੀਤਾ ਸੀ ਕਿ ਉਸ ਦਾ **ਮੂਸਾ** ਨਾਲ ਹੋਰ ਕਿਸੇ ਨਬੀ ਨਾਲੋਂ ਵੱਧ ਇਕ ਨਜ਼ਦੀਕੀ ਰਿਸ਼ਤਾ ਸੀ। ਉਸ ਨੇ ਮੂਸਾ, ਹਾਰੂਨ ਅਤੇ ਮਿਰਯਮ ਨੂੰ **ਮੰਡਲੀ ਦੇ ਤੰਬੂ** (ਡੇਹਰੇ) ਵਿੱਚੋਂ ਬਾਹਰ ਸੱਦਿਆ ਅਤੇ ਉੱਥੇ ਉਹ **ਬੱਦਲ ਦੇ ਥੰਮ੍ਹ ਵਿੱਚ** ਉਨ੍ਹਾਂ ਨੂੰ ਵਿਖਾਲੀ ਦਿੱਤਾ।

**ਆਇਤਾਂ 6-8.** ਇਸ ਕਾਵਿਕ ਬੰਦ ਵਿਚ, ਪਰਮੇਸ਼ੁਰ ਨੇ ਹਾਰੂਨ ਅਤੇ ਮਿਰਯਮ ਨੂੰ ਆਖਿਆ ਕਿ ਉਸ ਨੇ ਹੋਰ **ਨਬੀ** [ਨਬੀਆਂ] ਨਾਲ **ਦਰਸ਼ਣ** [ਦਰਸ਼ਣਾਂ] ਅਤੇ **ਸੁਫ਼ਨੇ** [ਸੁਫ਼ਨਿਆਂ] ਅਤੇ **ਬੁਝਾਰਤਾਂ** ਵਿਚ ਗੱਲ ਕੀਤੀ ਸੀ। "ਬੁਝਾਰਤਾਂ" ਲਈ ਜਿਹੜਾ ਇਬਰਾਨੀ ਸ਼ਬਦ חִידָה *(ਚਿਡਾਹ)* ਵਰਤਿਆ ਗਿਆ ਹੈ ਉਸ ਦਾ ਅਨੁਵਾਦ "ਪਹੇਲੀ" ਵੀ ਕੀਤਾ ਜਾ ਸਕਦਾ ਹੈ। ਇਸ ਦੇ ਉਲਟ, ਪਰਮੇਸ਼ੁਰ ਨੇ **ਮੂਸਾ** ਨਾਲ ਆਪਣੇ ਉਸ **ਦਾਸ** ਵਜੋਂ ਵਿਹਾਰ ਕੀਤਾ ਜਿਹੜਾ ਉਸ ਦੇ **ਘਰ ਵਿੱਚ ਅਤਬਾਰ ਵਾਲਾ** ਸੀ। ਪਰਮੇਸ਼ੁਰ ਨੇ ਉਸ ਨਾਲ "ਬੁਝਾਰਤਾਂ" ਵਿਚ ਨਹੀਂ ਬਲਕਿ **ਖੁੱਲ੍ਹ ਕੇ** ਗੱਲਾਂ ਕੀਤੀਆਂ। ਮੂਸਾ ਵਿਸ਼ੇਸ਼ ਕਰਕੇ ਇਸ ਗੱਲ ਵਿਚ ਖੁਸ਼ ਕਿਸਮਤ ਸੀ ਕਿ ਉਸ ਨੇ **ਯਹੋਵਾਹ ਦਾ ਸਰੂਪ** ਵੇਖਿਆ ਸੀ।

ਇਸ ਬੰਦ ਦਾ ਹਵਾਲਾ ਇਬਰਾਨੀਆਂ 3:5, 6 ਵਿਚ ਦਿੱਤਾ ਗਿਆ ਹੈ, ਜਿੱਥੇ ਮੂਸਾ ਦੀ ਤੁਲਨਾ ਯਿਸੂ ਮਸੀਹ ਨਾਲ ਕੀਤੀ ਗਈ ਹੈ। ਇਹ ਇਸ ਦੀ ਪੁਸ਼ਟੀ ਕਰਦਾ ਹੈ ਕਿ ਬਾਈਬਲ ਹੋਰ ਕਿਤੇ ਕੀ ਸਿੱਖਿਆ ਦਿੰਦੀ ਹੈ - ਅਰਥਾਤ, ਇਹ ਕਿ ਮੂਸਾ ਅਨੋਖਾ ਸੀ। ਉਸ ਨੂੰ ਖ਼ਾਸ ਕਰਕੇ ਪਰਮੇਸ਼ੁਰ ਦੁਆਰਾ ਸੱਦਿਆ ਗਿਆ ਸੀ, ਉਸ ਨੂੰ ਉਸ ਵਿਅਕਤੀ ਵਜੋਂ ਚੁਣਿਆ ਗਿਆ ਸੀ ਜਿਸ ਨੇ ਇਸਰਾਏਲੀਆਂ ਤੱਕ ਪਰਮੇਸ਼ੁਰ ਦੀ ਵਿਵਸਥਾ ਨੂੰ ਪਹੁੰਚਾਉਣ ਦੀ ਵਿਚੋਲਗੀ ਕੀਤੀ ਅਤੇ ਉਸ ਨੂੰ ਇਕ ਨਬੀ ਦਾ ਉੱਤਮ ਉਦਾਹਰਣ ਸਮਝਿਆ ਗਿਆ ਸੀ (ਵੇਖੋ ਬਿਵਸਥਾ ਸਾਰ 18:15-19)। ਉਸ ਨੂੰ ਸਗੋਂ ਪਰਮੇਸ਼ੁਰ ਦੇ ਤੇਜ ਨੂੰ ਵੀ ਵੇਖਣ ਦਿੱਤਾ ਗਿਆ ਸੀ। ਕੂਚ 33:18 ਵਿਚ, ਮੂਸਾ ਨੇ ਪਰਮੇਸ਼ੁਰ ਦੇ ਤੇਜ ਨੂੰ ਵੇਖਣ ਦੀ ਮੰਗ ਕੀਤੀ ਸੀ। ਪਰਮੇਸ਼ੁਰ ਨੇ ਉਸ ਦੀ ਮੰਗ ਨੂੰ ਕਬੂਲ ਕੀਤਾ ਅਤੇ ਉਸ ਦੇ ਸਾਹਮਣਿਓਂ ਲੰਘਿਆ ਅਤੇ ਉਸ ਨੂੰ ਆਪਣਾ "ਮੂੰਹ" ਤਾਂ ਨਹੀਂ ਪਰ ਆਪਣਾ "ਪਿੱਛਾ" ਵੇਖਣ ਦਿੱਤਾ (ਕੂਚ 33:19-23; 34:5-8)। ਪਰਮੇਸ਼ੁਰ ਅਤੇ ਮੂਸਾ ਵਿਚਕਾਰ ਜੋ ਖ਼ਾਸ ਰਿਸ਼ਤਾ ਸੀ ਉਸ ਨੂੰ ਪਰਮੇਸ਼ੁਰ ਦੇ ਆਪਣੇ ਸ਼ਬਦਾਂ ਵਿਚ ਵਿਅਕਤ ਕੀਤਾ ਗਿਆ ਹੈ: **ਮੈਂ ਉਹ** [ਮੂਸਾ] **ਦੇ ਨਾਲ ਆਹਮੋ ਸਾਹਮਣੇ ਗੱਲਾਂ ਕਰਾਂਗਾ** (ਵੇਖੋ ਕੂਚ 33:11; ਬਿਵਸਥਾ ਸਾਰ 34:10)। "ਆਹਮੋ ਸਾਹਮਣੇ" (NASB) ਅਸਲੀ ਮੂਲ ਲਿਖਤ ਦਾ ਸ਼ਾਬਦਿਕ ਅਰਥ ਹੈ; ਹੋਰ ਅਨੁਵਾਦਾਂ ਵਿਚ "ਰੂਬਰੂ" ਲਿਖਿਆ ਹੈ (NIV; NKJV; NRSV; REB)। "ਆਹਮੋ ਸਾਹਮਣੇ" ਅਤੇ "ਰੂਬਰੂ" ਮੁਹਾਵਰੇ ਹਨ ਜੋ ਇਕ ਨਜ਼ਦੀਕੀ ਰਿਸ਼ਤੇ - ਨਜ਼ਦੀਕੀ ਮਿੱਤਰਾਂ ਵਿਚਕਾਰ ਗੱਲਬਾਤ - ਦਾ ਸੁਝਾਅ ਦਿੰਦੇ ਹਨ। ਕਿਸੇ ਨਬੀ ਜਾਂ ਜਾਜਕ ਜਾਂ ਕਿਸੇ ਹੋਰ ਵਿਅਕਤੀ ਕੋਲ ਮੂਸਾ

ਵਰਗਾ ਇਖ਼ਤਿਆਰ ਨਹੀਂ ਸੀ।

ਕਿਉਂਕਿ ਮੂਸਾ ਪਰਮੇਸ਼ੁਰ ਦਾ ਨੁਮਾਇੰਦਾ ਸੀ, ਦੂਜਿਆਂ ਨੂੰ - ਮਿਰਯਮ ਅਤੇ ਹਾਰੂਨ ਸਮੇਤ - ਬਿਨ੍ਹਾਂ ਕੋਈ ਸਵਾਲ ਕੀਤੇ ਉਸ ਦੇ ਇਖ਼ਤਿਆਰ ਨੂੰ ਸਵੀਕਰ ਕਰਨਾ ਚਾਹੀਦਾ ਸੀ। ਉਨ੍ਹਾਂ ਨੂੰ [ਪਰਮੇਸ਼ੁਰ ਦੇ] **ਦਾਸ ਮੂਸਾ ਦੇ ਵਿਰੁੱਧ ਬੋਲਣ ਤੋਂ ਡਰਨਾ** ਚਾਹੀਦਾ ਸੀ, ਕਿਉਂਕਿ ਉਸ ਦੇ ਵਿਰੁੱਧ ਬੋਲਣਾ ਪਰਮੇਸ਼ੁਰ ਦੇ ਵਿਰੁੱਧ ਬੋਲਣਾ ਸੀ!

## ਮਿਰਯਮ ਦੇ ਲਈ ਪਰਮੇਸ਼ੁਰ ਦੀ ਸਜ਼ਾ (12:9-15)

**9ਤਦ ਯਹੋਵਾਹ ਦਾ ਕ੍ਰੋਧ ਉਨ੍ਹਾਂ ਉੱਤੇ ਭੜਕਿਆ ਅਤੇ ਉਹ ਚੱਲਿਆ ਗਿਆ। 10ਜਦ ਬੱਦਲ**
**ਤੰਬੂ ਦੇ ਉੱਤੋਂ ਉੱਠ ਗਿਆ ਤਾਂ ਵੇਖੋ ਮਿਰਯਮ ਕੋੜ੍ਹਨ ਅਤੇ ਬਰਫ਼ ਵਾਂਙੁ ਹੋ ਗਈ। ਤਾਂ ਹਾਰੂਨ ਨੇ**
**ਮਿਰਯਮ ਨੂੰ ਡਿੱਠਾ ਅਤੇ ਵੇਖੋ ਉਹ ਕੋੜ੍ਹਨ ਹੋ ਗਈ ਸੀ! 11ਉਪਰੰਤ ਹਾਰੂਨ ਨੇ ਮੂਸਾ ਨੂੰ ਆਖਿਆ,**
**ਹੇ ਮੇਰੇ ਸੁਆਮੀ ਜੀ, ਏਹ ਪਾਪ ਸਾਡੇ ਉੱਤੇ ਨਾ ਲਾਓ ਜੋ ਅਸਾਂ ਮੂਰਖਤਾਈ ਨਾਲ ਕੀਤਾ ਅਤੇ**
**ਜਿਸ ਤੋਂ ਅਸੀਂ ਪਾਪੀ ਹੋਏ ਹਾਂ। 12ਉਸ ਨੂੰ ਮੁਰਦੇ ਜਿਹਾ ਨਾ ਹੋਣ ਦੇਹ ਜਿਹ ਦਾ ਸਰੀਰ ਜਮਾਂਦਰੂ**
**ਹੀ ਅੱਧਾ ਗਲਿਆ ਹੋਇਆ ਹੋਵੇ। 13ਤਾਂ ਮੂਸਾ ਨੇ ਯਹੋਵਾਹ ਅੱਗੇ ਦੁਹਾਈ ਦਿੱਤੀ ਕਿ ਹੇ ਪਰਮੇਸ਼ੁਰ,**
**ਮੇਰੀ ਮਿੰਨਤ ਹੈ, ਉਹ ਨੂੰ ਚੰਗਾ ਕਰ। 14ਤਾਂ ਯਹੋਵਾਹ ਨੇ ਮੂਸਾ ਨੂੰ ਆਖਿਆ, ਜੇ ਉਹ ਦੇ ਪਿਤਾ ਨੇ**
**ਨਿਰਾ ਉਹ ਦੇ ਮੂੰਹ ਉੱਤੇ ਹੀ ਥੁੱਕਿਆ ਹੁੰਦਾ ਤਾਂ ਕੀ ਉਹ ਨੂੰ ਸੱਤਾਂ ਦਿਨਾਂ ਤੀਕ ਲਾਜ ਨਾ**
**ਆਉਂਦੀ? ਉਹ ਸੱਤਾਂ ਦਿਨਾਂ ਤੀਕ ਡੇਰੇ ਤੋਂ ਬਾਹਰ ਬੰਦ ਰਹੇ ਤਾਂ ਉਸ ਦੇ ਮਗਰੋਂ ਉਹ ਫੇਰ**
**ਅੰਦਰ ਆਵੇ। 15ਸੋ ਮਿਰਯਮ ਸੱਤਾਂ ਦਿਨਾਂ ਤੀਕ ਡੇਰੇ ਤੋਂ ਬਾਹਰ ਬੰਦ ਰਹੀ ਅਤੇ ਪਰਜਾ ਨੇ ਉਹ**
**ਦੇ ਅੰਦਰ ਆਉਣ ਤੀਕ ਕੂਚ ਨਾ ਕੀਤਾ।**

ਇਹ ਕਾਰਣ ਦੱਸਣ ਤੋਂ ਬਾਅਦ ਕਿ ਉਨ੍ਹਾਂ ਦਾ ਰਵੱਈਆ ਗਲਤ ਸੀ, ਯਹੋਵਾਹ ਨੇ ਮਿਰਯਮ ਅਤੇ ਹਾਰੂਨ ਦੇ ਬੁੜ ਬੁੜਾਉਣ ਦਾ ਸਿੱਧਾ ਜਵਾਬ ਦਿੱਤਾ। ਨਾਮਨਜ਼ੂਰੀ ਦੇ ਨਾਟਕੀ ਪਰਗਟਾਵੇ ਵਿਚ, ਪਰਮੇਸ਼ੁਰ ਨੇ ਮਿਰਯਮ ਨੂੰ ਕੋੜ੍ਹ ਪਾ ਦਿੱਤਾ।

**ਆਇਤਾਂ 9, 10.** ਮੂਲ ਲਿਖਤ ਦੱਸਦੀ ਹੈ ਕਿ **ਯਹੋਵਾਹ ਦਾ ਕ੍ਰੋਧ ਉਨ੍ਹਾਂ ਉੱਤੇ ਭੜਕਿਆ ਅਤੇ ਉਹ ਚੱਲਿਆ ਗਿਆ**; **ਬੱਦਲ** ਜੋ ਕਿ ਯਹੋਵਾਹ ਦੀ ਹਜ਼ੂਰੀ ਨੂੰ ਦਰਸਾਉਂਦਾ ਸੀ, **ਤੰਬੂ ਦੇ ਉੱਤੋਂ** ਉੱਠ ਗਿਆ। ਇਹ ਉਹ ਸਮਾਂ ਸੀ ਜਦੋਂ ਮਿਰਯਮ ਨੂੰ ਪਤਾ ਲੱਗਾ ਕਿ ਉਹ **ਕੋੜ੍ਹਨ** ਅਤੇ **ਬਰਫ ਵਾਂਙੁ** ਹੋ ਗਈ ਸੀ। NASB ਬਾਈਬਲ "ਬਰਫ ਵਾਂਙੁ" ਸ਼ਬਦ ਸਪੱਸ਼ਟੀਕਰਨ ਦੇ ਲਈ ਦਿੱਤੇ ਗਏ ਹਨ; ਉਹ ਅਸਲੀ ਮੂਲ ਲਿਖਤ ਵਿਚ ਨਹੀਂ ਹਨ। ਇਬਰਾਨੀ ਲਿਖਤ ਸਿਰਫ ਇਹ ਕਹਿੰਦੀ ਹੈ ਕਿ ਉਸ ਦੀ ਚਮੜੀ "ਬਰਫ਼ ਵਰਗੀ" ਸੀ (ਵੇਖੋ ਕੂਚ 4:6; 2 ਰਾਜਿਆਂ 5:27)। ਇਸ ਦ੍ਰਿਸ਼ ਦਾ ਵਿਅੰਗ ਇਹ ਹੈ ਕਿ ਮੂਸਾ ਦੀ ਕੂਸ਼ੀ (ਕਾਲੇ ਰੰਗ ਵਾਲੀ) ਤੀਵੀਂ ਦੇ ਵਿਰੁੱਧ ਬੁੜ ਬੁੜਾਉਣ ਤੋਂ ਬਾਅਦ, ਉਸ ਦੀ ਆਪਣੀ ਚਮੜੀ ਬਰਫ਼ ਵਰਗੀ ਚਿੱਟੀ ਹੋ ਗਈ ਅਤੇ ਉਸ ਨੂੰ ਕੋੜ੍ਹ ਦਾ ਰੋਗ ਹੋ ਗਿਆ।

ਸਿਰਫ ਮਿਰਯਮ ਨੂੰ ਹੀ ਕਿਉਂ ਦੁਖ ਦਿੱਤਾ ਗਿਆ ਸੀ ਅਤੇ ਹਾਰੂਨ ਨੂੰ ਕਿਉਂ ਨਹੀਂ, ਕਿਉਂਕਿ ਇਹ ਪ੍ਰਤੀਤ ਹੁੰਦਾ ਹੈ ਕਿ ਉਹ ਦੋਵੇਂ ਬਰਾਬਰ ਦੇ ਦੋਸ਼ੀ ਸਨ? (1) ਇਕ ਸੰਭਾਵਨਾ ਇਹ ਹੈ ਕਿ ਹਾਰੂਨ ਨੂੰ ਇਸ ਲਈ ਬਖ਼ਸ਼ ਦਿੱਤਾ ਗਿਆ ਸੀ ਕਿਉਂਕਿ ਮਿਰਯਮ ਦੀ ਸਜ਼ਾ ਨੂੰ ਵੇਖਣ ਤੋਂ ਬਾਅਦ, ਉਸ ਨੇ ਮੂਸਾ ਦੇ ਅੱਗੇ ਦੁਹਾਈ ਦਿੱਤੀ ਕਿ ਉਹ ਉਸ ਦੇ ਲਈ ਪਰਮੇਸ਼ੁਰ ਦੇ ਅੱਗੇ ਸਿਫ਼ਾਰਸ਼ ਕਰੇ। ਜੇਕਰ ਇਸ ਤਰ੍ਹਾਂ ਹੈ, ਪਰਮੇਸ਼ੁਰ ਹਾਲੇ ਵੀ ਇਸ ਗੱਲ ਵਿਚ ਹਾਰੂਨ ਨਾਲ ਪੱਖਪਾਤ ਕਰ ਰਿਹਾ ਸੀ ਕਿ ਉਸ ਨੇ ਮਿਰਯਮ ਨੂੰ ਪਸ਼ਚਾਤਾਪ ਕਰਨ ਅਤੇ ਮੂਸਾ ਨੂੰ ਉਸ ਦੀ ਖ਼ਾਤਰ ਪਰਮੇਸ਼ੁਰ ਅੱਗੇ ਸਿਫ਼ਾਰਸ਼ ਕਰਨ ਦਾ ਮੌਕਾ ਨਹੀਂ ਸੀ ਦਿੱਤਾ ਪਰ ਹਾਰੂਨ ਨੂੰ ਇਹ ਮੌਕਾ

ਦਿੱਤਾ ਸੀ। (2) ਇਕ ਹੋਰ ਵਿਆਖਿਆ ਇਹ ਹੈ ਕਿ ਹਾਰੂਨ ਨੂੰ ਇਸ ਲਈ ਬਖ਼ਸ਼ ਦਿੱਤਾ ਗਿਆ ਸੀ "ਕਿਉਂਕਿ ਪਰਧਾਨ ਜਾਜਕ ਹੋਣ ਦੇ ਨਾਤੇ ਉਸ ਦੀ ਭੂਮਿਕਾ ਰੱਬੀ ਅਰਥ ਵਿਵਸਥਾ ਦੇ ਲਈ ਜ਼ਰੂਰੀ ਸੀ।"[6] ਅਸ਼ੁੱਧਤਾ ਨੇ ਉਸ ਨੂੰ ਅਸ਼ੁੱਧ ਅਤੇ ਉਸ ਦੀਆਂ ਪਵਿੱਤਰ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿਚ ਅਸਮਰੱਥ ਬਣਾ ਦੇਣਾ ਸੀ। (3) ਸਭ ਤੋਂ ਸੰਭਵ ਸੰਭਾਵਨਾ ਇਹ ਹੈ ਕਿ ਮਿਰਯਮ ਨੂੰ ਇਸ ਲਈ ਸਜ਼ਾ ਦਿੱਤੀ ਗਈ ਸੀ ਕਿਉਂਕਿ ਉਹ ਇਸ ਵਿਦਰੋਹ ਵਿਚ ਅਗਵਾਈ ਕਰ ਰਹੀ ਸੀ। 12:1 ਵਿਚ, ਉਸ ਦਾ ਨਾਮ ਹਾਰੂਨ ਦੇ ਨਾਮ ਤੋਂ ਪਹਿਲਾਂ ਆਉਂਦਾ ਹੈ ਅਤੇ "ਗੱਲਾਂ ਕੀਤੀਆਂ" ਕਿਰਿਆ ਤੀਜਾ ਪੁਰਖ ਇਸਤ੍ਰੀ ਲਿੰਗ ਇਕਵਚਨ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਮਿਰਯਮ ਭੜਕਾਉਣ ਵਾਲੀ ਹੋਵੇਗੀ, ਜਦ ਕਿ ਹਾਰੂਨ ਇਕ ਵਾਰ ਫੇਰ ਪਰਮੇਸ਼ੁਰ ਦੇ ਵਿਰੁੱਧ ਪਾਪ ਕਰਨ ਦੇ ਲਈ ਭਰਮਾਇਆ ਗਿਆ ਸੀ (ਵੇਖੋ ਕੂਚ 32:1-6, 21-24)।[7]

**ਆਇਤਾਂ 11, 12.** ਕਿਉਂਕਿ "ਕੋੜ੍ਹ" ਸ਼ਬਦ ਪੁਰਾਣੇ ਨੇਮ ਵਿਚ ਕਿਸੇ ਵੀ ਪ੍ਰਕਾਰ ਦੇ ਚਮੜੀ ਰੋਗ ਦੇ ਲਈ ਵਰਤਿਆ ਗਿਆ ਹੈ, ਇਹ ਜਾਣਨਾ ਅਸੰਭਵ ਹੈ ਕਿ ਮਿਰਯਮ ਨੂੰ ਅਸਲ ਵਿਚ ਕਿਹੜਾ ਰੋਗ ਹੋਇਆ ਸੀ। ਜਿਸ ਤਰੀਕੇ ਨਾਲ ਉਸ ਦਾ ਵਰਣਨ ਕੀਤਾ ਗਿਆ ਹੈ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹ ਇਕ ਭਿਆਣਕ ਰੋਗ ਸੀ: **ਮੁਰਦੇ ਜਿਹਾ, ਜਿਹ ਦਾ ਸਰੀਰ ਜਮਾਂਦਰੂ ਹੀ ਅੱਧਾ ਗਲਿਆ ਹੋਇਆ ਸੀ।**

ਆਪਣੀ ਭੈਣ ਦੀ ਹਾਲਤ ਨੂੰ ਵੇਖ ਕੇ, ਹਾਰੂਨ ਨੇ ਆਪਣੇ ਅਤੇ ਮਿਰਯਮ ਦੇ ਪਾਪ ਨੂੰ ਮੰਨ ਲਿਆ ਅਤੇ ਇਹ ਕਹਿੰਦੇ ਹੋਏ ਮੂਸਾ ਦੇ ਅੱਗੇ ਦੁਹਾਈ ਦਿੱਤੀ ਕਿ ਮਿਰਯਮ ਦੀ ਬਿਮਾਰੀ ਨੂੰ ਦੂਰ ਕਰ। ਉਸ ਨੇ ਆਖਿਆ, **ਹੇ ਮੇਰੇ ਸੁਆਮੀ ਜੀ, ਏਹ ਪਾਪ ਸਾਡੇ ਉੱਤੇ ਨਾ ਲਾਓ।** ਇਸ ਗੱਲ ਨੂੰ ਮੰਨਦੇ ਹੋਏ ਕਿ ਉਨ੍ਹਾਂ ਨੇ ਏਹ ਪਾਪ **ਮੂਰਖਤਾਈ ਨਾਲ ਕੀਤਾ** ਸੀ, ਉਸ ਨੇ ਆਖਿਆ ਕਿ ਮਿਰਯਮ ਪਹਿਲੀ ਵਰਗੀ ਹੋ ਜਾਵੇ। ਮੂਸਾ ਦੀ ਸਿਫ਼ਾਰਸ਼ ਨੂੰ ਭਾਲਣ ਦੁਆਰਾ - ਅਤੇ ਮੂਸਾ ਨੂੰ "ਹੇ ਮੇਰੇ ਸੁਆਮੀ" ਕਹਿਣ ਦੁਆਰਾ - ਹਾਰੂਨ ਨੇ ਇਹ ਵਿਖਾਇਆ ਸੀ ਕਿ ਉਸ ਦੇ ਅਤੇ ਮਿਰਯਮ ਦੇ ਮੂਸਾ ਦੇ ਬਰਾਬਰ ਹੋਣ ਦਾ ਦਾਅਵਾ ਕਰਨ ਦੇ ਬਾਵਜੂਦ, ਉਹ ਜਾਣਦਾ ਸੀ ਕਿ ਉਨ੍ਹਾਂ ਨਾਲੋਂ ਮੂਸਾ ਦਾ ਪਰਮੇਸ਼ੁਰ ਨਾਲ ਜ਼ਿਆਦਾ ਨਜ਼ਦੀਕੀ ਰਿਸ਼ਤਾ ਸੀ।

**ਆਇਤ 13.** ਮੂਸਾ ਬੜੇ ਪਿਆਰ ਨਾਲ ਹਾਰੂਨ ਦੀ ਬੇਨਤੀ ਨਾਲ ਸਹਿਮਤ ਹੋ ਗਿਆ ਅਤੇ ਮਿੰਨਤ ਕੀਤੀ ਕਿ **ਹੇ ਪਰਮੇਸ਼ੁਰ, ਮੇਰੀ ਮਿੰਨਤ ਹੈ, ਉਹ ਨੂੰ ਚੰਗਾ ਕਰ!** ਸਪੱਸ਼ਟ ਹੈ ਕਿ ਪਰਮੇਸ਼ੁਰ ਨੇ ਮੂਸਾ ਦੀ ਬੇਨਤੀ ਨੂੰ ਮੰਨ ਲਿਆ। ਇਸ ਤਰ੍ਹਾਂ ਮੂਸਾ ਨੇ ਆਪਣੀ ਭੈਣ ਦੀ ਜਾਨ ਬਚਾਈ, ਜਿਵੇਂ ਉਸ ਦੀ ਭੈਣ ਨੇ ਇਕ ਵਾਰ ਉਸ ਦੀ ਜਾਨ ਬਚਾਈ ਸੀ।

**ਆਇਤ 14.** ਫਿਰ ਵੀ, ਪਰਮੇਸ਼ੁਰ ਨੇ ਮੰਗ ਕੀਤੀ ਸੀ ਕਿ ਮਿਰਯਮ ਨੂੰ **ਸੱਤਾਂ ਦਿਨਾਂ ਤੀਕ ਡੇਰੇ ਤੋਂ** ਬਾਹਰ ਕੱਢਿਆ ਜਾਵੇ, ਇਹ ਕਹਿੰਦੇ ਹੋਏ ਕਿ **ਜੇ ਉਹ ਦੇ ਪਿਤਾ ਨੇ ਨਿਰਾ ਉਹ ਦੇ ਮੂੰਹ ਉੱਤੇ ਹੀ ਥੁੱਕਿਆ ਹੁੰਦਾ ਤਾਂ ਕੀ ਉਹ ਨੂੰ ਸੱਤਾਂ ਦਿਨਾਂ ਤੀਕ ਲਾਜ ਨਾ ਆਉਂਦੀ?** "[ਕਿਸੇ ਦੇ] ਮੂੰਹ ਉੱਤੇ ਥੁੱਕਣਾ" ਕਿਸੇ ਮਰਦ ਜਾਂ ਔਰਤ ਨੂੰ ਸ਼ਰਮਿੰਦਾ ਕਰਨਾ ਸੀ। ਇਹ ਕੰਮ "ਨਾ ਸਿਰਫ ਘੋਰ ਅਪਮਾਨ ... ਪਰ ਇਕ ਸਰਾਪ ਵੀ" ਸੀ।[8] ਬਿਵਸਥਾ ਸਾਰ 25:9 ਵਿਧਵਾ ਦੇ ਆਪਣੇ ਪਤੀ ਦੇ ਭਰਾ ਦੇ ਮੂੰਹ ਉੱਤੇ ਥੁੱਕਣ ਦੀ ਗੱਲ ਕਰਦੀ ਹੈ ਜੇਕਰ ਉਹ ਉਸ ਦੇ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਤੋਂ ਇਨਕਾਰ ਕਰਦਾ ਹੈ। ਜਿਨ੍ਹਾਂ ਨੇ ਅੱਯੂਬ ਦਾ ਉਸ ਦੇ ਦੁੱਖ ਵਿਚ ਮਜ਼ਾਕ ਉਡਾਇਆ ਸੀ ਉਨ੍ਹਾਂ ਨੇ ਉਸ ਦੇ ਮੂੰਹ ਉੱਤੇ ਥੁੱਕਣ ਤੋਂ ਪਰਹੇਜ਼ ਨਹੀਂ ਸੀ ਕੀਤਾ (ਅੱਯੂਬ 17:6; 30:10)। ਇਸੇ ਦੁਰਵਿਹਾਰ ਦਾ ਅਗੰਮ ਵਾਕ ਯਸਾਯਾਹ ਦੁਆਰਾ ਦੁੱਖ ਸਹਿਣ ਵਾਲੇ ਦਾਸ ਦੇ ਸੰਬੰਧ ਵਿਚ ਕੀਤਾ ਗਿਆ ਸੀ (ਯਸਾਯਾਹ 50:6) ਜੋ ਕਿ ਯਿਸੂ ਦੀਆਂ ਪੇਸ਼ੀਆਂ ਵਿਚ ਪੂਰਾ ਹੋਇਆ ਸੀ (ਮੱਤੀ 26:67; 27:30)।

ਆਇਤ 14 ਵਿਚ ਮੁੱਖ ਗੱਲ ਕੀ ਹੈ? ਪਰਮੇਸ਼ੁਰ ਮੂਸਾ ਨੂੰ ਕਹਿ ਰਿਹਾ ਸੀ ਕਿ ਮਿਰਯਮ ਦੇ ਵਿਹਾਰ ਨੂੰ ਹਲਕੇ ਵਿਚ ਨਾ ਲਿਆ ਜਾਵੇ। ਪਰਮੇਸ਼ੁਰ ਦੇ ਨਿਯੁਕਤ ਕੀਤੇ ਗਏ ਆਗੂ ਮੂਸਾ ਦੇ ਵਿਰੁੱਧ ਮਿਰਯਮ ਦਾ ਵਿਦਰੋਹ, ਆਖ਼ਰਕਾਰ ਖੁਦ ਪਰਮੇਸ਼ੁਰ ਦੇ ਵਿਰੁੱਧ ਇਕ ਵਿਦਰੋਹ ਸੀ। ਹਾਲਾਂਕਿ ਪਰਮੇਸ਼ੁਰ ਨੇ ਉਸ ਨੂੰ ਚੰਗਾ ਕਰ ਦੇਣਾ ਸੀ, ਉਸ ਨੂੰ ਸੱਤਾਂ ਦਿਨਾਂ ਤੀਕ ਡੇਰੇ ਤੋਂ ਬਾਹਰ ਰਹਿਣਾ ਅਤੇ ਉਸ ਦੇ ਪਾਪ ਦੇ ਲਈ ਸ਼ਰਮਿੰਦਗੀ ਸਹਿਣੀ ਪੈਣੀ ਸੀ - "ਜੋ ਉਸ ਨੇ ਉਸ ਸਮੇਂ ਕਰਨਾ ਸੀ ਜੇਕਰ, ਪਰਿਵਾਰਕ ਬਹਿਸ ਵਿਚ, ਉਸ ਦੇ ਪਿਤਾ ਨੇ ਉਸ ਉੱਤੇ ਥੁੱਕਣ ਦੁਆਰਾ ਉਸ ਨੂੰ ਠੁਕਰਾਉਣ ਦਾ ਚਿੰਨ੍ਹ ਦਿੱਤਾ ਹੁੰਦਾ।"[9]

**ਆਇਤ 15.** ਮਿਰਯਮ ਦੀ ਸੇਵਾ ਦੀ ਮਹੱਤਤਾ ਨੂੰ ਧਿਆਨ ਵਿਚ ਰੱਖਦੇ ਹੋਏ, ਮਿਰਯਮ **ਸੱਤਾਂ ਦਿਨਾਂ** ਤੀਕ ਡੇਰੇ ਤੋਂ ਬਾਹਰ ਬੰਦ ਰਹੀ ਅਤੇ ਪਰਜਾ ਨੇ ਉਹ ਦੇ ਅੰਦਰ ਆਉਣ ਤੀਕ ਉਸ ਤੋਂ ਬਿਨ੍ਹਾਂ ਕੂਚ ਨਾ ਕੀਤਾ।

## ਪਾਰਾਨ ਦੀ ਉਜਾੜ ਵਿਚ ਪਹੁੰਚਣਾ (12:16)

**16ਏਸ ਦੇ ਮਗਰੋਂ ਪਰਜਾ ਨੇ ਹਸੇਰੋਥ ਤੋਂ ਕੂਚ ਕੀਤਾ ਅਤੇ ਪਾਰਾਨ ਦੀ ਉਜਾੜ ਵਿੱਚ ਡੇਰੇ ਲਾਏ।**

**ਆਇਤ 16.** ਇਹ ਅਧਿਆਇ ਇਹ ਵਰਣਨ ਕਰਨ ਦੁਆਰਾ ਖਤਮ ਹੁੰਦਾ ਹੈ ਕਿ ਮਿਰਯਮ ਦੇ ਡੇਰੇ ਦੇ ਅੰਦਰ ਆਉਣ ਤੋਂ ਬਾਅਦ, ਇਸਰਾਏਲੀਆਂ ਨੇ **ਹਸੇਰੋਥ ਤੋਂ ਕੂਚ ਕੀਤਾ ਅਤੇ ਪਾਰਾਨ ਦੀ ਉਜਾੜ ਵਿੱਚ ਡੇਰੇ ਲਾਏ।** ਉਹ ਕੁਝ ਸਮੇਂ ਲਈ ਪਾਰਾਨ ਵਿਚ ਰਹਿਣਗੇ ਅਤੇ ਉੱਥੇ ਉਹ ਪਾਪ ਕਰਨਗੇ ਜਿਸ ਨੇ ਉਨ੍ਹਾਂ ਨੂੰ ਕਨਾਨ ਵਿੱਚੋਂ ਬਾਹਰ ਰੱਖਿਆ।

## ਪ੍ਰਾਸੰਗਿਕਤਾ

### ਪਾਪ ਦੇ ਬਾਰੇ ਹੈਰਾਨ ਕਰਨ ਵਾਲੇ ਤੱਥ (10:11-12:16)

"ਪਾਪ" ਸ਼ਬਦ ਮੁਢਲੀ ਸਾਜਸ਼ ਅਤੇ ਗਿਣਤੀ ਦੀ ਪੁਸਤਕ ਵਿਚ ਦੱਸੀ ਗਈ ਕਹਾਣੀ ਦੇ ਵਿਸ਼ੇ ਦਾ ਖੁਲਾਸਾ ਕਰਦਾ ਹੈ। ਇਸਰਾਏਲੀਆਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਨੇ ਉਨ੍ਹਾਂ ਦੇ ਪਾਪ ਦੇ ਲਈ ਲੋਕਾਂ ਨੂੰ ਸਜ਼ਾ ਦਿੱਤੀ। ਉਸ ਪਾਪ ਦੀ ਕਹਾਣੀ 11 ਅਤੇ 12 ਅਧਿਆਵਾਂ ਵਿਚ ਸ਼ੁਰੂ ਹੁੰਦੀ ਹੈ। ਇਹ ਅਧਿਆਇ ਪਾਪ ਦੇ ਬਾਰੇ ਕੁਝ ਹੈਰਾਨ ਕਰ ਦੇਣ ਵਾਲੇ ਤੱਥਾਂ ਨੂੰ ਪਰਗਟ ਕਰਦੇ ਹਨ।

*ਪਾਪ ਹੈਰਾਨ ਕਰਨ ਵਾਲੇ ਸਮਿਆਂ ਤੇ ਹੁੰਦਾ ਹੈ।* ਅਧਿਆਇ 11 ਹੈਰਾਨ ਕਰਨ ਵਾਲੇ ਇਸ ਕਥਨ ਨਾਲ ਸ਼ੁਰੂ ਹੁੰਦਾ ਹੈ:

> ਤਾਂ ਪਰਜਾ ਯਹੋਵਾਹ ਦੇ ਸੁਣਨ ਵਿੱਚ ਬੁੜ ਬੁੜਾਉਣ ਅਤੇ ਅਵੱਲੀਆਂ ਗੱਲਾਂ ਆਖਣ ਲੱਗੀ ਅਤੇ ਜਾਂ ਯਹੋਵਾਹ ਨੇ ਸੁਣਿਆ ਤਾਂ ਉਸ ਦਾ ਕ੍ਰੋਧ ਭੜਕ ਉੱਠਿਆ ਅਤੇ ਯਹੋਵਾਹ ਦੀ ਅੱਗ ਉਨ੍ਹਾਂ ਵਿੱਚ ਬਲਣ ਲੱਗ ਪਈ ਅਤੇ ਡੇਰੇ ਦੀਆਂ ਹੱਦਾਂ ਵਿੱਚ ਉਨ੍ਹਾਂ ਨੂੰ ਭਸਮ ਕਰ ਸੁੱਟਿਆ। ਫੇਰ ਪਰਜਾ ਨੇ ਮੂਸਾ ਅੱਗੇ ਦੁਹਾਈ ਦਿੱਤੀ ਅਤੇ ਮੂਸਾ ਨੇ ਯਹੋਵਾਹ ਅੱਗੇ ਬੇਨਤੀ ਕੀਤੀ ਤਾਂ ਅੱਗ ਹਟ ਗਈ (11:1, 2)।

ਗਿਣਤੀ ਦੀ ਪੁਸਤਕ ਦੇ ਪਾਠਕ ਦੇ ਲਈ, 11:1, 2 ਵਿਚ ਜੋ ਘਟਨਾ ਹੈ, ਅਚਨਚੇਤ ਹੈ। ਪੁਸਤਕ ਵਿਚ ਹੁਣ ਤੱਕ, ਪਰਮੇਸ਼ੁਰ ਦੀ ਪਰਜਾ ਉਸ ਦੇ ਹੁਕਮਾਂ ਦੇ ਪ੍ਰਤੀ ਅਦਭੁਤ ਤਰੀਕੇ ਨਾਲ ਆਗਿਆਕਾਰੀ ਰਹੀ ਸੀ, ਪਰ ਫਿਰ ਉਨ੍ਹਾਂ ਨੇ ਬੁੜਬੁੜਾਉਣਾ ਸ਼ੁਰੂ ਕਰ ਦਿੱਤਾ।

ਸ਼ਾਇਦ ਸਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ। ਇਹ ਉਹ ਲੋਕ ਸਨ ਜਿਹੜੇ ਮਿਸਰ ਵਿੱਚੋਂ ਨਿੱਕਲਣ ਤੋਂ ਬਾਅਦ ਸੀਨਈ ਦੇ ਰਸਤੇ ਵਿਚ ਲਗਾਤਾਰ ਬੁੜ ਬੁੜਾਉਂਦੇ ਰਹੇ ਸਨ ਅਤੇ ਇਹ ਉਹ ਲੋਕ ਸਨ ਜਿਨ੍ਹਾਂ ਨੇ ਸੋਨੇ ਦਾ ਵੱਛਾ ਬਣਾ ਕੇ ਉਸ ਦੀ ਪੂਜਾ ਕੀਤੀ ਸੀ। ਪਰ, ਉਹ ਪਾਪ ਲਗਭਗ ਇਕ ਸਾਲ ਪਹਿਲਾਂ ਹੋਏ ਸਨ। ਇਸ ਸਮੇਂ ਦੌਰਾਨ, ਇਸਰਾਏਲ ਦੀ ਪਰਜਾ (ਜਿੱਥੋਂ ਤੱਕ ਲਿਖਤ ਦੱਸਦੀ ਹੈ) ਵਫ਼ਾਦਾਰੀ ਨਾਲ ਪਰਮੇਸ਼ੁਰ ਦੀਆਂ ਹਦਾਇਤਾਂ ਦਾ ਪਾਲਣ ਕਰ ਰਹੀ ਸੀ - ਪਰ ਵਫ਼ਾਦਾਰੀ ਦੀ ਇਹ ਸਮਾਂ ਅਵਧਿ ਉਨ੍ਹਾਂ ਦੇ ਪਾਪ ਦੇ ਲਈ ਸਿਰਫ ਇਕ ਪ੍ਰਸਤਾਵਨਾ ਸੀ।

ਇਕ ਵਿਅਕਤੀ ਦੀ ਇਕ ਦਿਨ ਦੀ ਵਫ਼ਾਦਾਰੀ ਇਸ ਗੱਲ ਦੀ ਗਰੰਟੀ ਨਹੀਂ ਦਿੰਦੀ ਕਿ ਉਹ ਅਗਲੇ ਦਿਨ ਪਾਪ ਨਹੀਂ ਕਰੇਗਾ। ਇਸਰਾਏਲ ਵੀ ਬਹੁਤ ਵਧੀਆ ਕਰ ਰਿਹਾ ਸੀ ਪਰ ਫਿਰ ਉਹ ਪਾਪ ਵਿਚ ਡਿੱਗ ਪਿਆ। ਇਹੋ ਗੱਲ ਸਾਡੇ ਨਾਲ ਹੋ ਸਕਦੀ ਹੈ। ਹਾਲਾਂਕਿ ਅਸੀਂ ਵਫ਼ਾਦਾਰੀ ਨਾਲ ਪਰਮੇਸ਼ੁਰ ਦੇ ਪਿੱਛੇ ਚੱਲ ਰਹੇ ਹਾਂ, ਅਸੀਂ ਫਿਰ ਵੀ ਡਿੱਗ ਸਕਦੇ ਹਾਂ। "ਗੱਲ ਕਾਹਦੀ ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ ਕਿਤੇ ਡਿੱਗ ਨਾ ਪਵੇ" (1 ਕੁਰਿੰਥੀਆਂ 10:12)।

*ਪਾਪ ਹੈਰਾਨ ਕਰਨ ਵਾਲੇ ਤਰੀਕਿਆਂ ਨਾਲ ਹੁੰਦਾ ਹੈ।* ਇਸਰਾਏਲੀਆਂ ਨੇ ਦੋ ਵਾਰ ਪਾਪ ਕੀਤਾ ਸੀ - ਜਾਂ ਇੱਕੋ ਪਾਪ ਦੋ ਵਾਰ ਕੀਤਾ ਸੀ। ਪਹਿਲਾ, ਉਹ "ਬੁੜ ਬੁੜਾਉਣ ਅਤੇ ਅਵੱਲੀਆਂ ਗੱਲਾਂ ਆਖਣ ਲੱਗੇ" (11:1)। ਦੂਜਾ, ਉਹ ਉਨ੍ਹਾਂ ਦੇ ਭੋਜਨ ਬਾਰੇ ਬੁੜ ਬੁੜਾਉਣ ਲੱਗੇ। ਵਿਰਤਾਂਤ ਆਖਦਾ ਹੈ,

> ਫੇਰ ਰਲੀ ਮਿਲੀ ਭੀੜ ਜਿਹੜੀ ਉਨ੍ਹਾਂ ਵਿੱਚ ਸੀ ਬਹੁਤ ਹਾਬੜ ਗਈ ਅਤੇ ਇਸਰਾਏਲੀ ਵੀ ਬਾਰਮ ਬਾਰ ਰੋਏ ਅਤੇ ਆਖਣ ਲੱਗੇ, "ਸਾਨੂੰ ਮਾਸ ਕੌਣ ਖਵਾਵੇਗਾ? ਅਸੀਂ ਉਨ੍ਹਾਂ ਮੱਛੀਆਂ ਨੂੰ ਚੇਤੇ ਕਰਦੇ ਹਾਂ ਜਿਹੜੀਆਂ ਅਸੀਂ ਮਿਸਰ ਵਿੱਚ ਮੁਖ਼ਤ ਖਾਂਦੇ ਸਾਂ ਨਾਲੇ ਖੀਰੇ, ਖ਼ਰਬੂਜੇ, ਗੰਦਨੇ, ਪਿਆਜ਼ ਅਰ ਲਸਣ। ਪਰ ਹੁਣ ਸਾਡੀ ਜਾਨ ਸੁੱਕ ਗਈ ਹੈ। ਹੁਣ ਤਾਂ ਕੁਝ ਵੀ ਨਹੀਂ ਦਿੱਸਦਾ ਸਿਵਾਏ ਇਸ ਮੰਨ ਦੇ" (11:4-6)।

ਸਾਨੂੰ ਕਿਉਂ ਹੈਰਾਨ ਹੋਣਾ ਚਾਹੀਦਾ ਹੈ ਕਿ ਇਸਰਾਏਲੀ ਉਨ੍ਹਾਂ ਦੇ ਭੋਜਨ ਬਾਰੇ ਬੁੜ ਬੁੜਾਏ? ਆਖ਼ਰਕਾਰ, ਉਹ ਇਸੇ ਚੀਜ਼ ਬਾਰੇ ਪਹਿਲਾਂ ਵੀ ਕੁੜ੍ਹਕੜਾਏ ਸਨ (ਕੂਚ 16:2, 3)। ਉਨ੍ਹਾਂ ਦੇ ਬੁੜ ਬੁੜਾਉਣ ਬਾਰੇ ਹੈਰਾਨ ਕਰ ਦੇਣ ਵਾਲੀ ਗੱਲ ਇਹ ਸੀ ਕਿ ਉਹ ਪਰਮੇਸ਼ੁਰ ਦੇ ਵਿਰੁੱਧ ਬੋਲ ਰਹੇ ਸਨ ਇਸ ਤੱਥ ਦੇ ਬਾਵਜੂਦ ਕਿ ਉਸ ਦੇ ਦੁਆਰਾ ਉਨ੍ਹਾਂ ਨੂੰ ਭਰਪੂਰ ਬਰਕਤ ਦਿੱਤੀ ਗਈ ਸੀ।

ਕੀ ਸਾਡੇ ਵਿਚ ਅਜਿਹੀ ਸਥਿਤੀ ਪੈਦਾ ਹੋ ਸਕਦੀ ਹੈ? ਅੱਜ ਪਰਮੇਸ਼ੁਰ ਦੀ ਪਰਜਾ ਨੂੰ ਅਦਭੁਤ ਤਰੀਕੇ ਨਾਲ ਬਰਕਤ ਦਿੱਤੀ ਗਈ ਹੈ! ਨਿਸ਼ਚਤ ਤੌਰ ਤੇ, ਅਸੀਂ ਕਦੇ ਨਹੀਂ ਬੁੜ ਬੁੜਾਵਾਂਗੇ ਕਿਉਂਕਿ ਸਾਡੇ ਕੋਲ ਮੰਨ (ਜਿਵੇਂ ਕਿ ਇਹ ਉਨ੍ਹਾਂ ਕੋਲ ਸੀ) ਹੈ ਪਰ ਮਾਸ ਨਹੀਂ ... ਜਾਂ ਕੀ ਅਸੀਂ ਬੁੜ ਬੁੜਾਵਾਂਗੇ? ਉਹ ਵਿਅਕਤੀ ਜਿਹੜਾ ਜਿੱਥੇ ਕਿਤੇ ਉਸ ਨੂੰ ਜਾਣ ਦੀ ਲੋੜ ਹੈ ਹਰ ਥਾਂ ਚੱਲ ਕੇ ਜਾ ਸਕਦਾ ਹੈ ਇਸ ਲਈ ਬੁੜਬੁੜਾ ਸਕਦਾ ਹੈ ਕਿਉਂਕਿ ਉਸ ਦੇ ਕੋਲ ਸਾਈਕਲ ਨਹੀਂ ਹੈ; ਉਹ ਵਿਅਕਤੀ ਜਿਸ ਦੇ ਕੋਲ ਸਾਈਕਲ ਹੈ ਇਸ ਲਈ ਬੁੜਬੁੜਾ ਸਕਦਾ ਹੈ ਕਿਉਂਕਿ ਉਸ ਦੇ ਕੋਲ ਕਾਰ ਨਹੀਂ ਹੈ; ਉਹ ਵਿਅਕਤੀ ਜਿਸ ਦੇ ਕੋਲ ਕਾਰ ਹੈ ਇਸ ਲਈ ਬੁੜਬੁੜਾ ਸਕਦਾ ਹੈ ਕਿਉਂਕਿ ਉਸ ਦੇ ਕੋਲ ਵਧੀਆ ਕਾਰ ਨਹੀਂ ਹੈ! ਅਸੀਂ ਪੌਸ਼ਟਿਕ ਭੋਜਨ ਦਾ ਅਨੰਦ ਮਾਣ ਕੇ ਵੀ ਬੁੜਬੁੜਾ ਸਕਦੇ ਹਾਂ ਕਿਉਂਕਿ ਅਸੀਂ ਹਰ ਰੋਜ਼ ਕੁਝ ਵੱਖਰਾ ਖਰੀਦ ਕੇ ਨਹੀਂ ਖਾ ਸਕਦੇ!

ਇਹੋ ਜਿਹੇ ਬੁੜ ਬੁੜਾਉਣ ਦੇ ਬਾਰੇ ਪਰਮੇਸ਼ੁਰ ਕੀ ਸੋਚਦਾ ਹੈ? ਸਾਨੂੰ ਇਸਰਾਏਲੀਆਂ ਦੇ

ਬੁੜ ਬੁੜਾਉਣ ਦੇ ਪ੍ਰਤੀ ਪਰਮੇਸ਼ੁਰ ਦੀ ਪ੍ਰਤੀਕਿਰਿਆ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਪਰਜਾ ਦੇ ਵਿਰੁੱਧ ਉਸ ਦਾ "ਕ੍ਰੋਧ ਭੜਕ ਉੱਠਿਆ ਸੀ" (11:1, 10, 33) ਅਤੇ ਉਸ ਨੇ ਆਖਿਆ ਕਿ ਉਨ੍ਹਾਂ ਨੇ ਉਸ ਨੂੰ ਤਿਆਗ ਦਿੱਤਾ ਸੀ (11:20)। ਇਸ ਲਈ, ਉਸ ਨੇ ਇਸਰਾਏਲੀਆਂ ਨੂੰ ਸਜ਼ਾ ਦਿੱਤੀ! ਨਵਾਂ ਨੇਮ ਅਜਿਹੇ ਬੁੜ ਬੁੜਾਉਣ ਵਾਲਿਆਂ ਦੇ ਨਮੂਨਿਆਂ ਦੇ ਪਿੱਛੇ ਚੱਲਣ ਵਿਰੁੱਧ ਚਿਤਾਵਨੀ ਦਿੰਦਾ ਹੈ (1 ਕੁਰਿੰਥੀਆਂ 10:10; ਵੇਖੋ ਫ਼ਿਲਿੱਪੀਆਂ 2:14; 1 ਤਿਮੋਥਿਉਸ 6:8)।

*ਪਾਪ ਦੇ ਹੈਰਾਨ ਕਰ ਦੇਣ ਵਾਲੇ ਨਤੀਜੇ ਸਨ।* ਇਸਰਾਏਲੀਆਂ ਦੇ ਪਾਪ ਦੇ ਨਤੀਜੇ ਕੀ ਸਨ? ਆਓ ਅਸੀਂ ਪਰਮੇਸ਼ੁਰ ਦੀਆਂ ਅਤੇ ਮੂਸਾ ਦੀਆਂ ਪ੍ਰਤੀਕਿਰਿਆਵਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਉਨ੍ਹਾਂ ਨਤੀਜਿਆਂ ਤੇ ਵਿਚਾਰ ਕਰੀਏ।

ਅਧਿਆਇ 11 ਵਿਚ ਦਰਜ ਪਾਪਾਂ ਦਾ ਪਹਿਲਾ ਨਤੀਜਾ ਪਰਮੇਸ਼ੁਰ ਦੁਆਰਾ ਸਜ਼ਾ ਸੀ। ਕਿਉਂਕਿ ਪਰਜਾ ਨੇ ਪਰਮੇਸ਼ੁਰ ਤੇ ਭਰੋਸਾ ਨਹੀਂ ਕੀਤਾ, ਉਸ ਨੇ ਉਨ੍ਹਾਂ ਵਿਚ ਅੱਗ ਘੱਲੀ (11:1-3)। ਫਿਰ, ਕਿਉਂਕਿ ਉਹ ਉਨ੍ਹਾਂ ਦੇ ਭੋਜਨ ਦੇ ਬਾਰੇ ਬੁੜ ਬੁੜਾਏ ਸਨ, ਉਸ ਨੇ ਬਟੇਰੇ ਘੱਲ ਕੇ ਉਨ੍ਹਾਂ ਨੂੰ ਮਾਸ ਦਿੱਤਾ (11:31, 32)। ਪਰ, ਉਸ ਨੇ ਆਖਿਆ ਕਿ ਉਨ੍ਹਾਂ ਕੋਲ ਇੰਨਾ ਜ਼ਿਆਦਾ ਮਾਸ ਹੋਵੇਗਾ ਕਿ ਇਹ ਆਖ਼ਰਕਾਰ ਉਨ੍ਹਾਂ ਦੇ ਲਈ ਘਿਣਾਉਣਾ ਬਣ ਜਾਵੇਗਾ (11:18-20)। ਇਸ ਤੋਂ ਇਲਾਵਾ, ਪਰਮੇਸ਼ੁਰ ਨੇ ਉਨ੍ਹਾਂ ਉੱਤੇ "ਅੱਤ ਵੱਡੀ ਬਵਾ" ਭੇਜੀ (11:33, 34)। ਪਰਮੇਸ਼ੁਰ ਨੇ ਪਾਪੀਆਂ ਨੂੰ ਮੌਤ ਦੀ ਸਜ਼ਾ ਦਿੱਤੀ! ਸ਼ਾਇਦ ਉਹ ਸਜ਼ਾ ਬੁੜ ਬੁੜਾਉਣ ਵਾਲਿਆਂ ਦੇ ਲਈ ਕਿਸੇ ਸਦਮੇ ਨਾਲੋਂ ਘੱਟ ਨਹੀਂ ਸੀ। ਜੇਕਰ ਉਹ ਸਮਝ ਜਾਂਦੇ ਕਿ ਉਨ੍ਹਾਂ ਦੇ ਬੁੜ ਬੁੜਾਉਣ ਦਾ ਨਤੀਜਾ ਮੌਤ ਹੋਵੇਗਾ, ਤਾਂ ਸ਼ਾਇਦ ਉਨ੍ਹਾਂ ਨੇ ਨਹੀਂ ਸੀ ਬੁੜਬੁੜਾਉਣਾ! ਨਵੇਂ ਨੇਮ ਦੀਆਂ ਬਰਕਤਾਂ ਅਤੇ ਸਰਾਪ ਦੋਵੇਂ ਆਤਮਿਕ ਹਨ। ਫਿਰ ਵੀ, ਮੌਤ - ਆਤਮਿਕ ਮੌਤ ਅਤੇ ਆਖ਼ਰਕਾਰ ਸਦੀਪਕ ਮੌਤ - ਉਹ ਸਜ਼ਾ ਹੈ ਜਿਸ ਦਾ ਪਰਮੇਸ਼ੁਰ ਅੱਜ ਪਾਪ ਦੇ ਲਈ ਹੁਕਮ ਦਿੰਦਾ ਹੈ। ਅੱਜ ਲੋਕ ਇਹ ਜਾਣ ਕੇ ਹੈਰਾਨ ਵੀ ਹੋ ਸਕਦੇ ਹਨ ਕਿ "ਪਾਪ ਦੀ ਮਜਦੂਰੀ ਮੌਤ ਹੈ" (ਰੋਮੀਆਂ 6:23)। ਪਰਮੇਸ਼ੁਰ ਨੇ ਬਟੇਰੇ ਘੱਲ ਕੇ ਪਰਜਾ ਨੂੰ ਮਾਸ ਦਿੱਤਾ ਜਿਸ ਦੀ ਉਨ੍ਹਾਂ ਨੇ ਲਾਲਸਾ ਕੀਤੀ ਸੀ। ਪਰ, ਮੂਲ ਲਿਖਤ ਦੱਸਦੀ ਹੈ ਕਿ ਬਟੇਰੇ ਜਿਹੜੇ ਪਰਮੇਸ਼ੁਰ ਨੇ ਘੱਲੇ ਸਨ ਬਰਕਤ ਘੱਟ ਤੇ ਸਰਾਪ ਜ਼ਿਆਦਾ ਸਨ। ਬਟੇਰਿਆਂ ਦਾ ਪ੍ਰਬੰਧ ਪਰਜਾ ਦੇ ਬੁੜ ਬੁੜਾਉਣ ਪ੍ਰਤੀ ਪਰਮੇਸ਼ੁਰ ਦੀ ਪ੍ਰਵਾਨਗੀ ਜਾਂ ਅਣਆਗਿਆਕਾਰੀ ਪਰਜਾ ਦੇ ਲਈ ਉਸ ਦੇ ਤਰਸ ਨੂੰ ਨਹੀਂ ਸੀ ਵਿਖਾਉਂਦਾ; ਇਸ ਦਾ ਉਦੇਸ਼ ਮੂਸਾ ਨੂੰ ਰਾਹਤ ਦੇਣਾ (11:10-18) ਅਤੇ ਪਰਮੇਸ਼ੁਰ ਦੇ ਸਰਬ ਸ਼ਕਤੀਮਾਨ ਹੋਣ ਦਾ ਸਬੂਤ ਦੇਣਾ ਸੀ (11:21-23)।

ਇਸਰਾਏਲ ਦੇ ਬੁੜ ਬੁੜਾਉਣ ਦੇ ਪਾਪ ਦਾ ਇਕ ਹੋਰ ਨਤੀਜਾ ਇਹ ਸੀ ਕਿ ਇਸ ਨੇ ਮੂਸਾ ਨੂੰ ਨਿਰਾਸ਼ ਕਰ ਦਿੱਤਾ ਸੀ। ਮੂਸਾ ਦੀ ਨਿਰਾਸ਼ਾ ਅਤੇ ਨਕਾਰਾਤਮਕ ਰਵੱਈਏ ਦੇ ਲਈ ਮੂਸਾ ਨੂੰ ਝਿੜਕਣ ਅਤੇ ਸਜ਼ਾ ਦੇਣ ਦੀ ਬਜਾਇ, ਪਰਮੇਸ਼ੁਰ ਨੇ ਉਸ ਦੀਆਂ ਜਰੂਰਤਾਂ ਨੂੰ ਪੂਰਾ ਕੀਤਾ ਸੀ।

ਪਹਿਲੀ ਗੱਲ, ਉਸ ਨੇ ਹੋਰ ਸੱਤ੍ਰ ਮਨੁੱਖਾਂ ਉੱਤੇ ਉਹੀ ਆਤਮਾ ਭੇਜ ਕੇ ਜੋ ਉਸ ਨੇ ਮੂਸਾ ਨੂੰ ਦਿੱਤਾ ਸੀ ਉਸ ਦੀ ਮਦਦ ਕੀਤੀ ਸੀ (11:16, 17, 24-29)। ਮਨੁੱਖਾਂ ਦਾ ਇਹ ਸਮੂਹ ਉਨ੍ਹਾਂ ਮਨੁੱਖਾਂ ਨਾਲੋਂ ਵੱਖਰਾ ਸੀ ਜਿਨ੍ਹਾਂ ਨੂੰ ਕੂਚ 18 ਵਿਚ ਯਿਥਰੋ ਦੀ ਸਲਾਹ ਨਾਲ ਨਿਯੁਕਤ ਕੀਤਾ ਗਿਆ ਸੀ। ਸੱਤ੍ਰ ਮਨੁੱਖਾਂ ਦਾ ਕੰਮ ਮੂਸਾ ਦੇ ਭਾਰ ਨੂੰ ਚੁੱਕਣ ਵਿਚ ਮਦਦ ਕਰਨਾ ਸੀ (11:17)। ਉਨ੍ਹਾਂ ਨੂੰ ਉਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਦੇ ਯੋਗ ਬਣਾਉਣ ਦੇ ਲਈ ਸਪੱਸ਼ਟ ਤੌਰ ਤੇ ਅਗੰਮ ਵਾਕ ਕਰਨ ਦੀ ਦਾਤ ਦਿੱਤੀ ਗਈ ਸੀ (11:26-29) ਅਤੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦੀ ਇਹ ਦਾਤ ਸਿਰਫ ਕੁਝ ਸਮੇਂ ਦੇ ਲਈ ਜਾਂ ਆਰਜ਼ੀ ਸੀ (11:25)।

ਦੂਜੀ ਗੱਲ, ਪਰਮੇਸ਼ੁਰ ਨੇ ਪਰਜਾ ਦੇ ਲਈ ਬਟੇਰੇ ਘੱਲੇ। ਇਸ ਨਾਲ ਮੂਸਾ ਨੂੰ ਉਨ੍ਹਾਂ ਦੇ ਬੁੜ

ਬੁੜਾਉਣ ਤੋਂ ਰਾਹਤ ਮਿਲੀ (11:18-23, 31-34)।

ਇਸ ਲਿਖਤ ਵਿਚ ਮੁੱਖ ਗੱਲ ਇਹ ਹੈ ਕਿ ਪਾਪ ਪਰਮੇਸ਼ੁਰ ਅਤੇ ਮਨੁੱਖ ਦੋਹਾਂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਪਰਮੇਸ਼ੁਰ ਨੂੰ ਅਪ੍ਰਸੰਨ ਕਰਦਾ ਅਤੇ ਇਸ ਦਾ ਨਤੀਜਾ ਪਰਮੇਸ਼ੁਰ ਵੱਲੋਂ ਸਜ਼ਾ ਹੁੰਦਾ ਹੈ। ਇਹ ਦੂਜੇ ਲੋਕਾਂ ਨੂੰ ਵੀ ਨਿਰਾਸ਼ ਕਰਦਾ ਹੈ। ਸਮਰਪਿਤ ਮਸੀਹੀ ਮਾਤਾ-ਮਾਤਾ ਨੂੰ ਕਿੰਨਾ ਧੱਕਾ ਲੱਗਦਾ ਹੈ ਜਦੋਂ ਇਕ ਬੱਚਾ ਯਹੋਵਾਹ ਤੋਂ ਬੇਮੁਖ ਹੋ ਜਾਂਦਾ ਹੈ! ਕਲੀਸੀਆ ਦੇ ਆਗੂਆਂ (ਜਿਵੇਂ ਕਿ ਪਰਚਾਰਕਾਂ ਅਤੇ ਐਲਡਰਾਂ) ਦੇ ਲਈ ਕਿੰਨੀ ਨਿਰਾਸ਼ਾ ਵਾਲੀ ਗੱਲ ਹੁੰਦੀ ਹੈ ਜਦੋਂ ਸਥਾਨਕ ਮੰਡਲੀ (ਕਲੀਸੀਆ) ਦੇ ਮੈਂਬਰ ਓਨੇ ਵਫ਼ਾਦਾਰ ਨਹੀਂ ਹੁੰਦੇ ਜਿੰਨੇ ਉਨ੍ਹਾਂ ਨੂੰ ਹੋਣਾ ਚਾਹੀਦਾ ਹੈ! ਸ਼ਾਇਦ ਉਸ ਨੇ ਅਜਿਹੀ ਸਥਿਤੀ ਨੂੰ ਸਮਝਿਆ ਸੀ ਜਿਸ ਕਰਕੇ ਇਬਰਾਨੀਆਂ ਦੇ ਲੇਖਕ ਨੇ ਮਸੀਹੀ ਲੋਕਾਂ ਨੂੰ ਇਹ ਪ੍ਰੇਰਣਾ ਦਿੱਤੀ ਸੀ, "ਤੁਸੀਂ ਆਪਣੇ ਆਗੂਆਂ ਦੀ ਆਗਿਆਕਾਰੀ ਕਰੋ ਅਤੇ ਓਹਨਾਂ ਦੇ ਅਧੀਨ ਰਹੋ ਕਿਉਂ ਜੋ ਓਹ ਉਨ੍ਹਾਂ ਵਾਂਙੁ ਜਿਨ੍ਹਾਂ ਲੇਖਾ ਦੇਣਾ ਹੈ ਤੁਹਾਡੀਆਂ ਜਾਨਾਂ ਦੇ ਨਮਿੱਤ ਜਾਗਦੇ ਰਹਿੰਦੇ ਹਨ ਭਈ ਓਹ ਇਹ ਕੰਮ ਅਨੰਦ ਨਾਲ ਕਰਨ, ਨਾ ਹਾਉਕੇ ਭਰ ਭਰ ਕੇ ਕਿਉਂ ਜੋ ਇਹ ਤੁਹਾਡੇ ਲਈ ਲਾਭਵੰਤ ਨਹੀਂ" (ਇਬਰਾਨੀਆਂ 13:17)। ਕਲੀਸੀਆ ਦੇ ਆਗੂਆਂ ਨੂੰ ਦੁੱਖ ਹੁੰਦਾ ਹੈ ਜਦੋਂ ਕਲੀਸੀਆ ਦੇ ਮੈਂਬਰ ਪਾਪ ਵਿਚ ਡਿੱਗਦੇ ਹਨ।

*ਪਾਪ ਹੈਰਾਨ ਕਰ ਦੇਣ ਵਾਲੇ ਲੋਕਾਂ ਦੁਆਰਾ ਕੀਤਾ ਜਾਂਦਾ ਹੈ।* ਗਿਣਤੀ ਦੀ ਪੁਸਤਕ 12 ਅਧਿਆਇ ਵਿਚ ਇਕ ਹੋਰ ਪਾਪ ਦਰਜ ਹੈ। ਇਸ ਵਾਰ ਅਸੀਂ ਉਨ੍ਹਾਂ ਦੁਆਰਾ ਹੈਰਾਨ ਹੁੰਦੇ ਹਾਂ ਜਿਨ੍ਹਾਂ ਨੇ ਪਾਪ ਕੀਤਾ ਸੀ। ਉਹ "ਰਲੀ ਮਿਲੀ ਭੀੜ" ਨਹੀਂ ਸੀ (11:4); ਉਹ ਸਾਰੇ ਲੋਕ ਵੀ ਨਹੀਂ ਸਨ; ਬਲਕਿ, ਉਹ ਮਿਰਯਮ ਅਤੇ ਹਾਰੂਨ ਸਨ (12:1, 2)।

ਪਰਮੇਸ਼ੁਰ ਨੇ ਮਿਰਯਮ ਅਤੇ ਹਾਰੂਨ ਨੂੰ ਅੱਗੇ ਆਉਣ ਦੇ ਲਈ ਆਖਿਆ। ਫਿਰ ਪਰਮੇਸ਼ੁਰ ਨੇ ਉਨ੍ਹਾਂ ਨੂੰ ਨਿਸ਼ਚਤ ਸ਼ਬਦਾਂ ਵਿਚ ਆਖਿਆ ਕਿ ਮੂਸਾ ਅਨੋਖੇ ਢੰਗ ਨਾਲ ਉਸ ਦਾ ਨਬੀ ਸੀ ਅਤੇ ਉਨ੍ਹਾਂ ਨੂੰ ਉਸ ਦੇ ਵਿਰੁੱਧ ਬੋਲਣ ਤੋਂ ਡਰਨਾ ਚਾਹੀਦਾ ਸੀ। ਮਿਰਯਮ ਕੋੜ੍ਹਨ ਹੋ ਗਈ ਸੀ। ਮਿਰਯਮ ਨੂੰ ਕਿਉਂ ਸਜ਼ਾ ਦਿੱਤੀ ਗਈ ਸੀ ਜਦ ਕਿ ਹਾਰੂਨ ਨੂੰ (ਪਰਤੱਖ ਰੂਪ ਵਿਚ) ਸਜ਼ਾ ਨਹੀਂ ਸੀ ਦਿੱਤੀ ਗਈ? ਸ਼ਾਇਦ ਇਸ ਲਈ ਕਿਉਂਕਿ ਮਿਰਯਮ ਇਸ ਵਿਦਰੋਹ ਦੀ ਆਗੂ ਸੀ। ਇਹ ਤੱਥ ਕਿ ਉਸ ਦਾ ਨਾਮ 12:1 ਵਿਚ ਪਹਿਲਾਂ ਆਇਆ ਹੈ ਇਸ ਗੱਲ ਦਾ ਸਬੂਤ ਹੈ ਕਿ ਭੜਕਾਉਣ ਵਾਲੀ ਉਹੀ ਸੀ। ਹਾਰੂਨ ਨੇ ਮੂਸਾ ਨੂੰ ਮਿਰਯਮ ਦੀ ਖ਼ਾਤਰ ਸਿਫ਼ਾਰਸ਼ ਕਰਨ ਦੀ ਮਿੰਨਤ ਕੀਤੀ ਸੀ। ਜਦੋਂ ਮੂਸਾ ਨੇ ਮਿਰਯਮ ਦੇ ਲਈ ਪ੍ਰਾਰਥਨਾ ਕੀਤੀ, ਯਹੋਵਾਹ ਉਸ ਨੂੰ ਚੰਗਾ ਕਰਨ ਦੇ ਲਈ ਸਹਿਮਤ ਹੋ ਗਿਆ। ਫਿਰ ਵੀ, ਉਸ ਨੂੰ ਇਕ ਹਫ਼ਤੇ ਲਈ ਡੇਰੇ ਵਿੱਚੋਂ ਬਾਹਰ ਰਹਿਣਾ ਪਿਆ ਸੀ। ਉਸ ਹਫ਼ਤੇ ਦੌਰਾਨ, ਪਰਜਾ ਨੇ ਜਿੱਥੇ ਡੇਰਾ ਲਾਇਆ ਸੀ ਉੱਥੇ ਦੀ ਉੱਥੇ ਹੀ ਰਹੀ (ਵੇਖੋ 12:4-16)।

ਇਹ ਵਿਰਤਾਂਤ ਕੁਝ ਮਜ਼ਬੂਤ ਸਿਧਾਂਤਾਂ ਦਾ ਉਦਾਹਰਣ ਦਿੰਦਾ ਹੈ। ਸਾਨੂੰ ਕਦੇ ਕਿਸੇ ਮਰਦ ਜਾਂ ਔਰਤ ਤੇ ਨਿਹਚਾ ਨਹੀਂ ਕਰਨੀ ਚਾਹੀਦੀ, ਭਾਵੇਂ ਉਹ ਕਿੰਨਾ ਵੀ ਅਦਭੁਤ ਕਿਉਂ ਨਾ ਜਾਪਦਾ ਜਾਂ ਜਾਪਦੀ ਹੋਵੇ। ਸਾਨੂੰ ਪਰਮੇਸ਼ੁਰ ਤੇ ਨਿਹਚਾ ਕਰਨੀ ਚਾਹੀਦੀ ਹੈ! ਮਨੁੱਖ ਸਾਨੂੰ ਨਿਰਾਸ਼ ਕਰਨਗੇ; ਪਰਮੇਸ਼ੁਰ ਸਾਨੂੰ ਕਦੇ ਨਿਰਾਸ਼ ਨਹੀਂ ਕਰੇਗਾ। ਇਸ ਦੇ ਨਾਲ-ਨਾਲ, ਇਹ ਬੰਦ ਇਕ ਆਸ ਵੀ ਦਿੰਦਾ ਹੈ (ਜਿਵੇਂ ਕਿ ਦੂਜੇ ਬੰਦ ਆਸ ਦਿੰਦੇ ਹਨ) ਕਿ ਪਰਮੇਸ਼ੁਰ ਦਾ ਬੰਦਾ ਜਿਹੜਾ ਪਾਪ ਕਰਦਾ ਹੈ ਬਹਾਲ ਕੀਤਾ ਜਾ ਸਕਦਾ ਹੈ। ਭਾਵੇਂ ਕੋਈ ਕਿੰਨਾ ਵੀ ਕਿਉਂ ਨਾ ਡਿੱਗ ਜਾਵੇ, ਉਹ ਪਸ਼ਚਾਤਾਪ ਕਰਕੇ ਵਾਪਸ ਆ ਸਕਦਾ ਹੈ। ਪਰਮੇਸ਼ੁਰ ਅੱਜ ਪਸ਼ਚਾਤਾਪ ਕਰਨ ਵਾਲੇ ਪਾਪੀਆਂ ਦਾ ਮੁੜ ਸੁਆਗਤ ਕਰੇਗਾ, ਜਿਵੇਂ ਉਸ ਨੇ ਮਿਰਯਮ ਅਤੇ ਹਾਰੂਨ ਨੂੰ ਉਨ੍ਹਾਂ ਦੇ ਪਾਪ ਤੋਂ ਬਾਅਦ ਵੀ ਸਵੀਕਾਰ ਕੀਤਾ ਸੀ। ਸਭ ਤੋਂ ਅਹਿਮ ਗੱਲ, ਸਾਨੂੰ ਇਹ ਚੇਤੇ ਰੱਖਣ ਦੀ ਲੋੜ ਹੈ ਕਿ ਕੋਈ

ਭਾਵੇਂ ਕਿੰਨਾ ਵੀ ਪਵਿੱਤਰ, ਕਿੰਨਾ ਵੀ ਆਤਮਿਕ, ਜਾਂ ਪ੍ਰਭੂ ਦੇ ਪ੍ਰਤੀ ਕਿੰਨਾ ਵੀ ਸਮਰਪਿਤ ਕਿਉਂ ਨਾ ਹੋਵੇ, ਉਹ ਪਰਤਾਵੇ ਵਿਚ ਡਿੱਗ ਸਕਦਾ ਹੈ। "ਮਨੁੱਖ ਆਪਣੇ ਆਪ ਨੂੰ ਪਰਖੇ" (1 ਕੁਰਿੰਥੀਆਂ 11:28; ਵੇਖੋ 2 ਕੁਰਿੰਥੀਆਂ 13:5), ਉਸ ਦੀਆਂ ਆਪਣੀਆਂ ਕਮਜ਼ੋਰੀਆਂ ਨੂੰ ਪਛਾਣੇ ਅਤੇ ਉਨ੍ਹਾਂ ਹਾਲਾਤਾਂ ਤੋਂ ਬਚ ਕੇ ਰਹੇ ਜਿਨ੍ਹਾਂ ਵਿਚ ਉਹ ਸੰਭਵ ਤੌਰ ਤੇ ਪਰਤਾਇਆ ਜਾ ਸਕਦਾ ਹੈ।

*ਸਿੱਟਾ।* ਕਈ ਤਰੀਕਿਆਂ ਨਾਲ, ਪੁਰਾਣਾ ਨੇਮ ਇਕ ਆਧੁਨਿਕ ਪੁਸਤਕ ਹੈ। ਇਸ ਦੇ ਪੰਨੇ ਉਹੋ ਜਿਹੀਆਂ ਕਹਾਣੀਆਂ ਦੱਸਦੇ ਹਨ ਜੋ ਰੋਜ਼ਾਨਾ ਖ਼ਬਰਾਂ ਵਿਚ ਆਉਂਦੀਆਂ ਹਨ। ਗਿਣਤੀ ਦੀ ਪੁਸਤਕ 11 ਅਤੇ 12 ਅਧਿਆਇ ਕਠਿਨ ਹਾਲਾਤਾਂ ਬਾਰੇ ਦੱਸਦੇ ਹਨ। ਉਨ੍ਹਾਂ ਦੀਆਂ ਸੁਰਖੀਆਂ (ਮੁੱਖ ਖ਼ਬਰਾਂ) ਅਸੀਂ ਕੁਝ ਇਸ ਤਰ੍ਹਾਂ ਦੀਆਂ ਪੜ੍ਹ ਸਕਦੇ ਹਾਂ:

> "ਆਤਮਿਕ ਅਸਫ਼ਲਤਾ ਤੋਂ ਬਾਅਦ ਆਤਮਿਕ ਸਫ਼ਲਤਾ ਆਉਂਦੀ ਹੈ"
>
> "ਨਾਸ਼ੁਕਰੇ ਲੋਕ ਬੁੜ ਬੁੜਾਉਂਦੇ ਰਹਿੰਦੇ ਹਨ ਹਾਲਾਂਕਿ ਉਨ੍ਹਾਂ ਨੂੰ ਬਹੁਤ ਸਾਰੀਆਂ ਬਰਕਤਾਂ ਮਿਲੀਆਂ ਹਨ"
>
> "ਲਾਲਚ, ਨਾਸ਼ੁਕਰਾਪਣ ਅਤੇ ਬੁੜਬੁੜਾਉਣਾ ਪਰਮੇਸ਼ੁਰ ਨੂੰ ਨਾਖੁਸ਼ ਕਰਦਾ ਹੈ, ਸਜ਼ਾ ਲੈ ਕੇ ਆਉਂਦਾ ਹੈ ਅਤੇ ਪਰਮੇਸ਼ੁਰ ਦੇ ਆਗੂਆਂ ਨੂੰ ਨਿਰਾਸ਼ ਕਰਦਾ ਹੈ"
>
> "ਪਰਮੇਸ਼ੁਰ ਦੀ ਪਰਜਾ ਪਾਪ ਕਰਦੀ ਹੈ, ਪਰਮੇਸ਼ੁਰ ਅਤੇ ਉਸ ਦੇ ਨਿਯੁਕਤ ਕੀਤੇ ਗਏ ਆਗੂਆਂ ਦੇ ਵਿਰੁੱਧ ਹੋ ਜਾਂਦੀ ਹੈ"

ਸੱਚਮੁੱਚ, ਇਹ ਹਾਲਾਤ ਅੱਜ ਦੇ ਸਮੇਂ ਦੇ ਹਾਲਾਤਾਂ ਵਰਗੇ ਜਾਪਦੇ ਹਨ। ਲੋਕ ਉਸ ਸਮੇਂ ਤੋਂ ਲੈ ਕੇ ਅੱਜ ਦੇ ਸਮੇਂ ਤੱਕ ਵੀ ਨਹੀਂ ਬਦਲੇ। ਆਓ ਅਸੀਂ ਉਨ੍ਹਾਂ ਦਿਆਂ ਉਦਾਹਰਣਾਂ ਤੋਂ ਸਿੱਖਿਆ ਲਈਏ ਅਤੇ ਸਾਵਧਾਨ ਰਹੀਏ ਤਾਂ ਕਿ ਅਸੀਂ ਉਹ ਨਾ ਕਰੀਏ ਜੋ ਉਨ੍ਹਾਂ ਨੇ ਕੀਤਾ ਸੀ, ਉਨ੍ਹਾਂ ਪਾਪਾਂ ਦੇ ਦੋਸ਼ੀ ਨਾ ਬਣੀਏ ਜੋ ਉਨ੍ਹਾਂ ਨੇ ਕੀਤੇ ਸਨ (1 ਕੁਰਿੰਥੀਆਂ 10:1-12)।

---

ਟਿੱਪਣੀਆਂ

[1]ਸ਼ਾਇਦ ਉਹ "ਮਿਲੀ ਜੁਲੀ ਭੀੜ" ਦਾ ਹਿੱਸਾ ਰਹੀ ਹੋਵੇਗੀ ਜਿਹੜੀ ਇਸਰਾਏਲੀਆਂ ਨਾਲ ਮਿਸਰ ਵਿੱਚੋਂ ਬਾਹਰ ਆਈ ਸੀ (ਕੂਚ 12:38; ਵੇਖੋ ਗਿਣਤੀ 11:4)। [2]ਡੈਨਿਸ ਟੀ. ਓਲਸਨ ਦੀ ਪੁਸਤਕ ਇੰਟਰਪਰੀਟੇਸ਼ਨ (ਲਾਊਸਵਿਲੇ: ਜੌਨ ਨੌਕਸ ਪ੍ਰੈਸ, 1996) ਵਿਚ ਸਫ਼ਾ 71 ਤੇ *ਗਿਣਤੀ* ਹੈ; ਰੀਨੀਟਾ ਵੀਮਸ, *ਜਸਟ ਏ ਸਿਸਟਰ ਅਵੇਅ: ਏ ਵੂਮੈਨਿਸਟ ਵਿਜਨ ਆਫ਼ ਵੂਮੈਨਸ ਰੀਲੇਸ਼ਨਸ਼ਿਪਸ ਇਨ ਦ ਬਾਈਬਲ* (ਸੈਨ ਡਿਐਗੋ: ਲੁਰਾਮੀਡੀਆ, 1988), 72-74. [3]ਏ. ਨੂਰਡਟਜ਼ਿਜ ਦੀ ਪੁਸਤਕ ਬਾਈਬਲ ਸਟੂਡੈਂਟਸ ਕਮੈਂਟਰੀ, ਅਨੁਵਾਦ, ਐਡ ਵੈਨ ਡਰ ਮਾਸ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1983) ਵਿਚ ਸਫ਼ਾ 107 ਤੇ *ਗਿਣਤੀ* ਹੈ। [4]ਇਬਰਾਨੀ ਸ਼ਬਦ ਜਿਸ ਦਾ ਅਨੁਵਾਦ ਅਕਸਰ "ਅਧੀਨ" ਕੀਤਾ ਜਾਂਦਾ ਹੈ (NASB; NKJV; NIV; NRSV; REB; NJB), ਕੁਝ ਅਨੁਵਾਦਾਂ ਵਿਚ ਉਸ ਦਾ ਅਰਥ "ਹਲੀਮ" ਹੈ (KJV; ESV)। [5]ਕਲੀਓਨ ਰੋਜਰਸ, "ਮੋਜਜ: ਮੀਕ ਓਰ ਮਿਜਰੇਬਲ?" *ਜਰਨਲ ਆਫ਼ ਦਿ ਇਵੈਂਜਲੀਕਲ ਥੀਓਲੋਜੀਕਲ ਸੋਸਾਇਟੀ*, 29, ਨੰ 3 (ਸਤੰਬਰ 1986): 257-63. [6]ਗੋਰਡਨ ਜੇ. ਵੈਨਹਮ ਦੀ ਪੁਸਤਕ ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 113 ਤੇ *ਗਿਣਤੀ* ਹੈ। [7]ਨੂਰਡਟਜ਼ਿਜ, 107. [8]ਫਰੈਡਰਿਕ ਐਲ. ਮੋਰੀਆਰਟੀ ਦੀ ਪੁਸਤਕ *ਦ ਜੇਰੋਮ ਬਿਬਲੀਕਲ ਕਮੈਂਟਰੀ*, ਸੰਪਾ. ਰੇਅਮੰਡ ਈ. ਬਰਾਊਨ, ਜੋਸਫ ਏ. ਫਿਟਜ਼ਮਯਰ ਅਤੇ ਰੋਲੈਂਡ ਈ. ਮਰਫੀ (ਈਂਗਲਵੁਡ ਕਲਫਿਸ, ਨਿਊ ਜਰਸੀ: ਪਰੈਂਟਿਸ-ਹਾਲ, 1968) ਵਿਚ ਸਫ਼ਾ 91 ਤੇ "ਗਿਣਤੀ" ਹੈ। [9]ਆਰ. ਕੇ. ਹੈਰੀਸਨ, *ਗਿਣਤੀ: ਐਨ ਐਕਸਜੈਟੀਕਲ ਕਮੈਂਟਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1992), 198.